ਐਸੀ ਉਪਮੇ ਬਾਣੀ ਬਿਨਸੇ ਹਉ ਬਲਿ ਬਲਿ ਗੁਰ ਕਰਤਾਰ ॥

੧ ਓ ਸਤਿਗੁਰਪ੍ਰਸਾਦਿ॥

ਦਸਮ ਗ੍ਰੰਥ ਨਿਰਣਯ

ਅਰਥਾਤ

ਦਸਮ ਪਾਤਸ਼ਾਹੀ ਜੀ ਦੇ ਲੋਕ ਪ੍ਰਸਿਧ ਦਸਮ ਗ੍ਰੰਥ ਦੀ
ਬਾਣੀ ਦਾ ਕ੍ਰਮ ਅਨੁਸਾਰ ਨਿਰਣਯ ਤੇ ਵਿਚਾਰ

ਸ੍ਰੀਮਾਨਜ ਬਾਬੂ ਤੇਜਾ ਸਿੰਘ ਜੀ
(ਰੀਟਾਇਰਡ) ਐਸ. ਡੀ. ਓ.
ਸੇਵਕ " ਪੰਚ ਖਾਲਸਾ ਦੀਵਾਨ " ਦੇ ਸਪੁਤ੍ਰ
ਡਾਕਟ੍ਰ ਰਣਸਿੰਘ ਜੀ ਅਕਾਲੀ, ਵਿਦ੍ਵਾਨ
ਐਲ. ਐਚ੍. ਐਮ. (ਹੋਮਿਓ)
ਏ. ਡੀ. ਸੀ. ਸ੍ਰੀ ੧੦੮ ਹਜ਼ੂਰ ਮਹਾਰਾਜਾ ਸਾਹਿਬ
ਮਾਲਵਿੰਦ੍ਰ ਬਹਾਦਰ ਨਾਭਾ ਪਤੀ ਜੀ

ਵਿਰਚਿਤ

੧ ਫਗਣ ਸੰ: ੪੫੦ ਖਾਲਸਾ, ਮੁ: ੧੯੭੫ ਭੂਪਤੀਨੂੰ
'ਪੰਚ ਖਾਲਸਾ ਦੀਵਾਨ' ਅਥਾਤ 'ਖਾਲਸਾ ਪਾਰਲੀਮੈਂਟ'
ਨੇ ਅਪਨੇ ਕੇਂਦ੍ਰ ਸਥਾਨ "ਪੰਚਖੰਡ" ਵਿਖੇ ਪ੍ਰਵਾਨ ਕਰਕੇ
ਖਾਲਸਾ ਵਿੱਦ੍ਵਾਨੋਂ ਕੀ ਸੰਮਤੀ ਲਈ ਪ੍ਰਕਾਸ਼ਤ ਕੀਤਾ

ਪਹਿਲੀ ਵਾਰ

੧ ੴ ਵਾਹਿਗੁਰੂ ਜੀ ਕੀ ਫਤਹ ॥

ਪ੍ਰਾਰਥਨਾ !

ਪਯਾਰੇ ਖਾਲਸਾ ਜੀ ! ਲੋਕ ਪ੍ਰਸਿੱਧ ਦਸਮ ਪਾਤਸ਼ਾਹ ਜੀ ਦੇ ਗ੍ਰੰਥ ਸਾਹਿਬ ਦੀ ਬੀੜ ਸ੍ਰੀ ਕਲਗੀਧਰ ਜੀ ਦੀ ਆਗਯਾ ਵਿਰੁਧ ਓਹਨਾਂ ਦੇ ਸਚਖੰਡ ਗਮਨ ਤੋਂ ਫੇਰ ਚਿਰ ਮਗਰੋਂ ਪੋਥੀਆਂ ਕੱਠੀਆਂ ਕਰਕੇ ਬੱਧੀ ਗਈ ਹੈ ਜਿਸਦੀ ਮਾਨ ਪ੍ਰਤਿਸ਼ਟਾ "ਸ੍ਰੀਗੁਰੂ ਗ੍ਰੰਥ ਸਾਹਿਬ" ਜੀ ਦੇ ਤੁੱਲ ਹੀ ਕੀਤੀ ਜਾਂਦੀ ਹੈ, ਅਤੇ ਉਸ ਬੀੜ ਦਸਮ ਗ੍ਰੰਥ ਦੀ ਸੱਭੋ ਰਚਨਾ, ਬਾਣੀਆਂ, ਸਰਧਾ ਤੇ ਵਿਸ੍ਵਾਸ ਯੋਗਯ ਪ੍ਰਗਟ ਕਰਕੇ ਪੰਥ ਪ੍ਰਵਾਨੀਕ ਦੱਸੀਆਂ ਜਾਂਦੀਆਂ ਹਨ, ਜਿਸ ਕਰਕੇ ਇੱਕ ਤਾਂ ਖਾਲਸਾ ਪੰਥ ਮੇਂ ਗੁਰਮਤ ਵਿਰੁੱਧਤਾ ਦਾ ਭਾਰਾ ਪ੍ਰਚਾਰ ਹੁੰਦਾ ਹੈ, ਦੂਜੇ ਅਨ੍ਯਮਤੀ ਲੋਕ ਉਨ੍ਹਾਂ ਬਾਣੀਆਂ ਦਾ ਆਸਰਾ ਲੈਕੇ ਖਾਲਸਾ ਪੰਥ ਪਰ ਕਈ ਤਰਾਂ ਦੀਆਂ ਚੋਟਾਂ ਚਲੌਂਦੇ ਅਥਵਾ ਸਾਡੇ ਭੋਲੇ ਭ੍ਰਾਵਾਂ ਨੂੰ ਭੁਲੇਖਿਆਂ ਵਿਚ ਪਾਉਂਦੇ ਹਨ, ਯਾਂਤੇ " ਪੰਚ ਖਾਲਸਾ ਦੀਵਾਨ " ਅਰਥਾਤ " ਖਾਲਸਾ ਪਾਰਲੀਮੈਂਟ" ਰਚਿਤ "ਖਾਲਸਾ ਰਹਿਤ ਪ੍ਰਕਾਸ਼" ਅਨੁਸਾਰ **ਦਸਮ ਗ੍ਰੰਥ ਨਿਰ੍ਣਯ** (ਰਚਿਤ ਡਾਕਟਰ ਰਣਸਿੰਘ ਅਕਾਲੀ ਏ. ਡੀ. ਸੀ. ਸ੍ਰੀ ੧੦੮ ਹਜ਼ੂਰ ਮਾਲਵਿੰਦ੍ਰ ਬਹਾਦਰ ਪੰਥ ਹਿਤਕਾਰੀ ਮਹਾਰਾਜਾ ਸਾਹਿਬ ਨਾਭਾ ਪਤੀ) ਨਾਮੀ ਪੁਸਤਕ ਦ੍ਵਾਰਾ "ਦਸਮ ਗ੍ਰੰਥ" ਦੀ ਬਾਣੀਦਾ ਨਿਰਣਯ ਪਾਠਕਾਂਦੇ ਗਯਾਨ ਤੇ ਸਿਧਾਂਤ ਸ੍ਵੀਕਾਰਤਾ ਹਿਤ ਪੇਸ਼ ਕੀਤਾ ਜਾਂਦਾ ਹੈ, ਇਸ ਪੁਸਤਕ ਦੀ ਸੋਧਨ ਵਿੱਦਜਕ ਜੱਥਾ ਪੰਚ ਖਾਲਸਾ ਦੀਵਾਨ ਕਰ ਚੁੱਕਾ ਹੈ, ਇਸ ਕਰਕੇ ਭਰੋਸਾ ਹੈ ! ਜੋ ਗੁਣੀ ਜਨ ਇਸ ਸੇਵਾਨੂੰ ਅੰਗੀਕਾਰ ਕਰਦੇ ਹੋਏ ਇਸ ਪੁਸਤਕ ਦੀ ਸੁਭਾਵਿਕ ਭੁੱਲਾਂ ਨੂੰ ਦੱਸ ਕੇ ਹੋਰ ਭੀ ਲਾਭਦਾਇਕ ਬਨਾਣ ਦਾ ਯਤਨ ਕਰਨਗੇ ॥

੧ ਫਗਣ
ਸੰ: ੪੫੦

ਪ੍ਰਾਰਥਿਕ—ਬਖਸ਼ੀਸ਼ ਸਿੰਘ
ਜੱਥੇਦਾਰ "ਪੰਚ ਖਾਲਸਾ ਦੀਵਾਨ"

ੴ ਸਤਿਗੁਰਪ੍ਰਸਾਦਿ ॥

"ਭੁਜ ਬਲ ਬੀਰ
ਬ੍ਰਹਮ ਸੁਖ ਸਾਗਰ
ਗਰਤ ਪਰਤ ਗਹਿ
ਲੇਹੁ ਅੰਗੁਰੀਆ ॥"

ਸਮਰਪਨ

"ਸੰਤ ਸਹਾਯਕ ਦੁਸ਼ਟਨ ਘਾਯਕ"

ਗੁਰੂ ਪੰਥ ਪਿਤਾ

ਪੰਥ ਖਾਲਸਾ

ਅਰਥਾਤ

ਖਾਲਸਾ ਪਾਰਲੀਮੈਂਟ

ਦੀ

ਸੇਵਾ ਮਾਂਹਿ

ਯਹਿ ਗ੍ਰੰਥ ਅਰਪਨ ਕੀਤਾ ਜਾਂਦਾ ਹੈ ॥

—: ਕਰਤਾ :—

ਰਣ ਸਿੰਘ ਅਕਾਲੀ

ਦਸਮ ਗ੍ਰੰਥ ਨਿਰਣਯ ਦਾ ਤਤਕਰਾ

ਪੰਨੇ

੧ ੴ ਵਾਹਿਗੁਰੂ ਜੀਕੀ ਫਤਹ ॥

ਭੂਮਿਕਾ

ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤ ਚਿਤ ਲਾਇ ॥
ਪੂਰਨ ਕਰੋਂ ਗ੍ਰੰਥ ਯਹਿ ਤੁਮ ਮਮ ਕਰੋ ਸਹਾਇ ॥ ੧ ॥

ਪਯਾਰੇ ਪਾਠਕ ਜੀ ! ਆਪ ਨੂੰ ਪਤਾ ਹੀ ਹੈ ਜੋ ਸ੍ਰੀ ਕਲਗੀ ਧਰ ਜੀ ਦੇ ਸਮਯ ਤਕ ਖਾਲਸਾ ਪੰਥ ਵਿਖੇ ਇਕੋ ਹੀ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਸਨ ਜਿਨ੍ਹਾਂ ਦੀਆਂ ਬੀੜਾਂ ਦੇ ਕਈ ਭੇਦ ਸਨ ਜਿਨ੍ਹਾਂ ਵਿਚੋਂ ਮੁਖ ਇਹ ਹਨ:-

(ੳ) ਸ੍ਰੀ ਗੁਰੂ ਅਰਜਨ ਦੇਵ ਸ੍ਵਾਮੀ ਪੰਚਮ ਪਾਤਸ਼ਾਹ ਜੀਨੇ ਸਿਖੰ ਸੰਗਤਾਂ ਦੇ ਉਧਾਰ ਲਈ ਨਾਮ ਦੇ ਜਹਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ੧੬੬੦ ਬਿ: ਸੰਮਤ ਵਿਚ ਅਰੰਭੀ ਜਿਸਦੇ ਲਿਖਾਰੀ ਭਾਈ ਗੁਰਦਾਸ ਜੀ ਹੋਣੇ ਕਰ "ਭਾਈ ਗੁਰਦਾਸ ਜੀ ਦੀ ਬੀੜ" ਕਹਾਈ ॥

(ਅ) ਭਾਈ ਬੰਨੋ ਜੀ ਦੇ ਉਤਸ਼ਾਹ ਦ੍ਵਾਰਾ ਉਪ੍ਰੋਕਤ ਜਿਲਦ ਬੰਨ੍ਹਵਾਨ ਲਈ ਲਾਹੌਰ ਜਾਨ ਦੇ ਸਮਯ ਵਿਚ ਹੀ ਜੋ ਉਤਾਰਾ ਰਸਤੇ ਵਿਚ ਕੀਤਾ ਗਿਆ, ਜਿਸ ਵਿਚ ਮੁੰਦਾਵਣੀ ਤੋਂ ਅਗੇ ਕਈ ਕ ਵਾਧੂ ਬਾਣੀਆਂ ਲਿਖੀਆਂ ਹੋਣ ਦੇ ਕਾਰਣ **ਖਾਰੀ ਬੀੜ** ਦੱਸੀ ਗਈ, ਉਸਨੂੰ "ਭਾਈ ਬੰਨੋ ਜੀਦੀ ਬੀੜ" ਦੇ ਨਾਮ ਕਰਕੇ ਪੁਕਾਰਿਆ ਜਾਂਦਾ ਹੈ ॥

(ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਦਰਬਾਰ ਦਮਦਮੇ ਸਾਹਿਬ ਵਿਖੇ ਜੋ ਨੌਮੇ ਸਤਿਗੁਰੂ ਜੀਦੇ ਸ਼ਬਦ ਅਤੇ ਸ਼ਲੋਕ

ਸੁੱਧੇ ਇਕ ਦੋਹਰਾ " ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥ ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥ " ਅਪਨੀ ਬਾਣੀ ਸ਼ਾਮਲ ਕਰਕੇ ਜਿਸ ਬੀੜ ਨੂੰ ਪੂਰਣ ਕੀਤਾ ਹੈ ਓਹ ਅਸਲੋਂ " ਦਸਵੀਂ ਪਾਤਸ਼ਾਹੀ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ " ਹੈ, ਜੋ ਕਿ ਅਜ ਕਲ **ਦਮਦਮੇ ਵਾਲੀ ਬੀੜ** ਦੇ ਨਾਮ ਕਰਕੇ ਪ੍ਰਸਿਧ ਹੈ ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਵ "ਦਸਮੀ ਪਾਤਸ਼ਾਹੀ ਦੇ ਗ੍ਰੰਥ ਸਾਹਿਬ" ਜੀ ਦੀ ਪੂਰਣਤਾ ਪਰ ੨੩ ਸਾਵਣ ੧੭੬੩ ਬਿ: ਨੂੰ ਕਲਗੀਧਰ ਜੀ ਨੇ ਵੱਡਾ ਭਾਰੀ ਖਾਲਸਾ ਜੀ ਦਾ ਦੀਵਾਨ ਲਾ ਕੇ ਉਤਸ਼ਾਹ ਕੀਤਾ ਅਤੇ ਕਾਤਕ ਸੁਦੀ ੫ ਸੰ: ੧੭੬੫ ਬਿ: ਅਪਣੇ ਸਚਖੰਡ ਗਮਨ ਸਮਯ ਇਨ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੱਤ੍ਰਾ ਪਦਵੀ ਦੇ ਕਰ ਖਾਲਸਾ ਜੀ ਦੇ ਪੁਛਨ ਪਰ ਪੰਥ ਪ੍ਰਤਿ ਇਹ ਹੁਕਮ ਦਿਤਾ; ਯਥਾ:—

" ਆਗਯਾ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥ "

ਪੁਨ:

ਦਸ ਅਵਤਾਰ ਗੁਰ ਏਕ ਸਮ ਯੌ ਜਾਨੈ ਜੋ ਮੇਰ ॥
ਇਕਾਦਸ਼ਮੋ "ਗੁਰੁ ਗ੍ਰੰਥ ਜੀ ਬਾਣੀ" ਸਤਿਗੁਰ ਹੇਰ ॥੧॥

ਭਾਵ ਐ ਖਾਲਸਾ ਜੀ ! ਗੁਰੂ ਨਾਨਕ ਸਾਹਿਬ ਤੋਂ ਲੈ ਕਰ ਦਸੋ ਹੀ ਗੁਰੂ ਸਾਹਿਬਾਂ ਨੂੰ ਆਪ ਨੇ ਇਕ ਸਰੂਪ ਤੇ ਇਕੋ ਹੀ ਜੋਤ ਸਮਝਨਾ ਜੋ ਇਸ ਪਰ ਦ੍ਰਿੜ ਭਰੋਸਾ ਰਖੇਗਾ ਸੋ ਮੇਰਾ (ਸਿਖ) ਹੈ ॥

ਤੇ ਦੂਜੀ ਗੱਲ ਇਹ ਜੋ ਯਾਰਵੇਂ ਬਾਣੀ ਰੂਪ ਸਤਿਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—ਨੂੰ ਹੀ ਗੁਰੂ ਸਰੂਪ ਅਥਵਾ ਸਤਿਗੁਰੂ ਮੰਨਣਾ ਹੋਸੀ ਜੋ ਸਚ ਮੁਚ ਹੀ ਠੀਕ ਹੈ ।

ਗੁਰੱਤ੍ਰਾ ਪਦਵੀ ਉਨ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਦਾਨ ਕੀਤੀ ਗਈ ਹੈ ਜਿਨਾਂ ਨੂੰ ਸ੍ਰੀ ਕਲਗੀਧਰ ਜੀ ਨੇ ੧੭੬੩ **ਬਿ: ਦਮਦਮੇ ਸਾਹਿਬ ਵਿਖੇ ਸੰਪੂਰਣ ਕੀਤਾ ਹੈ ਜੋ ਕਿ ਦਮਦਮੇ**

ਵਾਲੀ ਬੀੜ ਦੇ ਨਾਮ ਕਰਕੇ ਪ੍ਰਸਿਧ ਹੈ। ਇਸ ਤੋਂ ਪ੍ਰਿਥਮ ਦੀ ਬੀੜਾਂ ਨੂੰ ਗੁਰ ਗੱਦੀ ਨਹੀ ਦਿਤੀ ਗਈ ਜਿਸਦਾ ਖਾਲਸਾ ਇਤ ਹਾਸ ਸਰਬ ਪ੍ਰਕਾਰ ਉਗਾਹੀ ਤੇ ਪੂਰਣ ਸਬੂਤ ਦੇ ਰਿਹਾ ਹੈ ਤੇ ਇਸ ਵਲੋਂ ਮੁਨਕਿਰ ਹੋਣਾ ਐਸਾ ਹੈ ਜਿਸ ਤਰਾਂ ਦਿਨ ਨੂੰ ਕੋਈ ਕਹੇ ਕਿ ਕੋਈ ਸੂਰਜ ਨਹੀ ਚੜ੍ਹਿਆ। ਸੋ ਆਪ ਵਿਚਾਰ ਸਕਦੇ ਹੋ ਜੋ ਐਸਾ ਕਥਨ ਕਰਨ ਵਾਲੇ ਭਲੇ ਪੁਰਸ਼ਾਂਨੂੰ ਆਮ ਵਿੱਦ੍ਵਾਨ ਕੇਹੜੀ ਸ੍ਰੇਣੀ ਵਿਚ ਸ਼ੁਮਾਰ ਕਰਿਆ ਕਰਦੇ ਹਨ॥

ਸੋ ਇਸੇ ਸ੍ਰੇਣੀ ਦੇ ਮਾਲਕ ਦਿਨ ਨੂੰ ਰਾਤ ਦੱਸਨ ਵਾਲੇ ਇਕ ਭਾਈ ਸਾਹਿਬ ਜੀ ਇਹ ਲਿਖਦੇ ਹਨ ਕਿ "ਦਸਮ ਗ੍ਰੰਥਦੀ ਬੀੜ ਸ੍ਰੀ ਕਲਗੀਧਰ ਜੀ ਨੇ ਆਪ ਬੰਧਵਾਈ ਹੈ" ਜਿਸਦੇ ਸਬੂਤ ਵਿਚ ਇਹ ਉਪਰਲਾ ਸੌ ਸਾਖੀ ਦਾ ਹੀ ਦੋਹਰਾ ਭੰਨ ਤੋੜਕੇ ਭਾਵ "**ਇਕਾਦਸ਼ਮੋ** ਗੁਰੁ ਗ੍ਰੰਥ ਜੀ ਬਾਣੀ" ਤੁਕ ਨੂੰ ਅਪਨੇ ਮਨਉਕਤੋਂ ਹੀ "**ਇੱਕ ਦਸਮੋ** ਗੁਰੂ ਗ੍ਰੰਥ ਜੀ ਬਾਣੀ" (ਅਪ੍ਰਸੰਗਕ) ਤੁਕ ਬਨਾਕੇ ਲਿਖਦੇ ਹਨ॥

ਆਪ ਨੂੰ ਪਤਾ ਨਹੀ ਜੋ ਆਪ ਦੀ ਇਸ ਮਨਉਕਤੀ ਤੁਕ (ਕਥਨ) ਦੇ ਉਲਟ **ਖਾਲਸਾ ਇਤਹਾਸ** ਸਾਫ ਸਾਫ ਇਹ ਗਵਾਹੀ ਦੇ ਰਿਹਾ ਹੈ ਜੋ "ਦਸਮ ਗ੍ਰੰਥ" ਦੀ ਬੀੜ ੧੮੦੪ ਬਿਃ ਦੇ ਲਗ ਭਗ ਬਨਾਈ ਗਈ ਹੈ ਭਾਵ ਸ੍ਰੀ ਕਲਗੀਧਰ ਜੀ ਦੇ ਸਚਖੰਡ ਚਲਾਣੇ ਤੋਂ ਢੇਰ ਚਿਰ ਮਗਰੋਂ ੧੮੦੪ ਬਿਃ ਦੇ ਲਗਭਗ ਪ੍ਰੇਮੀ ਖ਼ਾਲਸਾ ਜੀ ਨੇ ਦਸਮੇਸ ਜੀ ਦੇ ਸਮਯ ਦੇ ਅਨਜਮਤਾਂ ਵਿਚੋਂ ਉਲਥਾ ਕੀਤੇ ਹੋਏ ਗ੍ਰੰਥ ਔਰ ਕੁਝਕ ਖਾਲਸਾ ਧਰਮ ਨਿਯਮ ਪ੍ਰਗਟਾਊ "ਦਸਮ ਗੁਰ ਗਿਰਾ" ਬਾਣੀ ਨੂੰ, ਜੋ ਬੜੇ ਜਤਨਾਂ ਦ੍ਵਾਰਾ ਇਕੱਤ੍ਰ ਕਰਕੇ ਸੰਗ੍ਰਹ ਕੀਤੀ ਗਈ ਸੀ, "ਦਸਮੇ ਪਾਤਸ਼ਾਹ ਦੇ ਗ੍ਰੰਥ ਸਾਹਿਬ" ਦੇ ਨਾਮ ਕਰਕੇ ਪੁਕਾਰਨਾ ਅਰੰਭ ਦਿੱਤਾ। ਜਿਸਦਾ ਅਸਰ ਇਹ ਹੋਯਾ ਜੋ ਖਾਲਸਾ ਜੀ ਉਪ੍ਰੋਕਤ ਕਥਨ ਕੀਤੀ ਅੰਕ (ੲ) ਵਾਲੇ ਅਸਲੀ ਭਾਵ ਨੂੰ ਛਡ, ਇਸੇ ਸੰਗ੍ਰਹ ਦੇ ਹੀ ਪੂਰਣ ਸਰ-

ਬਾਲੂ ਬਨ ਬੈਠੇ ਜਿਸ ਦਾ ਅਸਰ ਆਮ ਸਭ ਖਾਲਸਾ ਜੀ ਪ੍ਰਤਿ ਸੁਤੇ ਹੀ ਜ਼ਾਹਿਰ ਹੈ ॥

ਬੀੜਾਂ ਦੇ ਭੇਦ

ਇਸ ਲੋਕ-ਪ੍ਰਸਿਧ " ਦਸਮ ਪਾਤਸ਼ਾਹ ਦੇ ਗ੍ਰੰਥ ਸਾਹਿਬ" ਜੀ (ਜਿਸਦਾ ਸੰਖੇਪ ਨਾਉਂ ਦਸਮ ਗ੍ਰੰਥ ਹੈ) ਦੀ ਬੀੜਾਂ ਦੇ ਭੀ ਅਨੇਕ ਭੇਦ ਹਨ ਜੋ ਵਖੋਵਖ ਸਿੰਘਾਂ ਦੇ ਭਿੰਨ ਭਿੰਨ ਕ੍ਰਮ ਅਨੁਸਾਰ ਸਿੰਚਨ ਕਰਨ ਪਰ ਬਣ ਗਈਆਂ ਹਨ, ਪ੍ਰੰਤੂ ਇਨ੍ਹਾਂ ਵਿਚੋਂ ਆਮ ਮਸ਼ਹੂਰ ਬੀੜਾਂ ਦੋ ਹੀ ਹਨ, ਇਕ ਭਾਈ ਦੀਪ ਸਿੰਘ ਜੀ ਦੀ, ਦੂਜੀ ਭਾਈ ਸੁੱਖਾ ਸਿੰਘ ਜੀਦੀ ਜਿਸ ਵਿਚ ਪਹਿਲੀ ਨਾਲੋਂ ਛੱਕੇ ਭਗੌਤੀ ਸਤੋਤ੍ਰ ਤੇ ਸੁਖਮਨਾ ਆਦਿਕ ਵਾਧੂ ਬਾਣੀਆਂ ਸ਼ਾਮਲ ਕਰ ਦਿਤੀਆਂ ਗ-ਈਆਂ ਹਨ। ਇਸਤੋਂ ਬਿਨਾਂ ਆਮ " ਦਸਮ ਗ੍ਰੰਥਾਂ " ਬੀੜਾਂ ਵਿਚ ਖਾਲਸਾ ਧਰਮ ਨਿਯਮ ਪ੍ਰਗਟਾਊ ਤੇ ਇਤਹਾਸ ਰੂਪ ਬਾਣੀਆਂ ਇਹ ਹਨ; ਯਥਾ:—

੧. ਜਾਪੁ
੨. ਅਕਾਲ ਉਸਤਤਿ
੩. ਬਚਿਤ੍ਰ ਨਾਟਕ
੪. ਚੰਡੀ ਚਰਿੱਤ੍ਰ ੧, ੨ ਤੇ ਚੰਡੀ ਦੀ ਵਾਰ
੫. ਗਿਆਨ ਪ੍ਰਬੋਧ (ਸੁੱਧੇ ਦਾਨ ਧਰਮ ਦਰਪਨ)
੬. ਚੌਬੀਸ ਅਵਤਾਰ—
(ੳ) ਰਾਮਾਵਤਾਰ
(ਅ) ਕ੍ਰਿਸ਼ਨਾਵਤਾਰ
(ੲ) ਕਲਿਕੀ ਅਵਤਾਰ
(ਸ) ਉਪਅਵਤਾਰ
੭. (ਹਜ਼ਾਰੇ) ਸਬਦ ਪਾ: ੧੦

ਪਸ ਜਦ ਇਨ੍ਹਾਂ ਵਖੋ ਵਖ ਬਾਣੀਆਂ ਦੀ ਕ੍ਰਮ ਅਨੁਸਾਰ ਵਿ-ਚਾਰ ਕੀਤੀ ਜਾਂਦੀ ਹੈ ਤਾਂ ਜੋ ਨਿਰਣਯ ਪ੍ਰਗਟ ਹੁੰਦਾ ਹੈ ਉਹ ਪਾਠ-ਕਾਂ ਦੀ ਵਿਚਾਰ ਹਿਤ ਕ੍ਰਮ ਅਨੁਸਾਰ ਹੀ ਅਗੇ ਲਿਖਿਆ ਜਾਂਦਾਹੈ॥

ਭਰੋਸਾ ਹੈ ਪਾਠਕ ਜਨ ਇਸਨੂੰ ਦੀਰਘ ਦ੍ਰਿਸ਼ਟੀ ਦ੍ਵਾਰਾ ਵਿਚਾਰਕੇ ਇਸਦੇ ਭਾਵ ਨੂੰ ਗ੍ਰਹਿਨ ਕਰਦੇ ਹੋਏ ਪ੍ਰਚਾਰ ਦੁਆਰਾ ਨਿਹਾਲ ਕਰਨਗੇ ॥

ਨਾਭਾ
੧ ਅਸੂ, ੪੫੦ ਖਾ:

ਲੇਖਕ
ਖਾਲਸੇ ਦਾ ਸੇਵਕ
ਰਣ ਸਿੰਘ "ਅਕਾਲੀ"
ਮੀਤ ਸੇਵਕ
ਸ੍ਰੀ ਗੁਰੂ ਸਿੰਘ ਸਭਾ ਭਸੌੜ
ਰਾਜ ਪਟਿਆਲਾ

੧ ੴ ਸਤਿਗੁਰਪ੍ਰਸਾਦਿ ॥

ਜਾਪੁ

ਇਹ ਸ੍ਰੀ ਮੁਖਵਾਕ ਬਾਣੀ ਆਪਣੇ ਗੁਣ ਦੱਸਣ ਲਈ ਆਪ ਹੀ ਹੈ। ਇਸ ਵਿਚ ਅਕਾਲ ਪੁਰਖ ਦੀ ਇਕਰਸ ਨਿਰਗੁਣ ਸਰੂਪ ਵਰਣਨਤ **ਨਾਮ ਮਾਲੀ** ਹੈ ਅਤੇ ਇਨ੍ਹਾਂ ਹੀ ਗੁਣਾਂ ਦੀ "ਨਾਮ ਮਾਲਾ" ਦੁਆਰਾ ਅਕਾਲ ਪੁਰਖ ਨੂੰ ਪ੍ਰਣਾਮ ਹੈ। ਇਹ ਬਾਣੀ ਭਗਤੀ ਭਾਵ ਦੁਆਰੇ ਅਕਾਲ ਪੁਰਖ ਨਾਲ ਲਿਵ ਲਾਕੇ ਏਕਤਾ ਪ੍ਰਾਪਤੀ ਲਈ ਦੂਜਾ "ਜਪੁ ਸਾਹਿਬ" ਹੈ। ਇਸ ਵਿਚ "ਨਾਮ ਰਸ" ਨੂੰ "ਬੀਰ ਰਸ" ਦੀ ਰੰਗਣ ਵਿਚ ਬੜੇ ਹੀ ਸੋਹਣੇ ਤਰੀਕੇ ਨਾਲ ਰੰਗਿਆ ਹੈ ਬਲਕਿ ਜਾਪੁ ਸਾਹਿਬ ਦੇ ਉਚਾਰਨ ਦਾ ਹੀ ਮੁਖ ਪ੍ਰਯੋਜਨ ਬੀਰ ਰਸ ਨਾਲ ਨਾਮ ਰਸ ਦੀ ਮੌਜ ਲੈਣ ਦਾ ਹੈ ਤੇ ਇਸੇ ਕਰਕੇ ਇਹ ਬਾਣੀ ਅੰਮ੍ਰਿਤ ਪ੍ਰਚਾਰ ਸਮਯ ਭੀ ਪੜ੍ਹੀ ਜਾਂਦੀ ਹੈ। ਇਸਦੇ ਪਾਠ ਦਾ ਆਰੰਭ ਛਪੈ ਛੰਦ "ਚਕ੍ਰ ਚਿਹਨ ਅਰੁ ਬਰਣ ਜਾਤਿ" ਤੋਂ ਹੋਕੇ "ਦੁਕਾਲੰ ਪ੍ਰਣਾਸੀ ਦਯਾਲੰ ਸਰੂਪੇ। ਸਦਾ ਅੰਗ ਸੰਗੇ ਅਭੰਗੰ ਬਿਭੂਤੇ" ਤਕ ਹੈ। ਜਾਪੁ ਸਾਹਿਬ ਦੀ ਰਚਨਾ ਸਾਰੀ ਦੀ ਸਾਰੀ ਛੰਦਾ ਬੰਦੀ ਵਿਚ ਹੈ। ਇਸ ਵਿਚ ਬਹੁਤ ਸਾਰੇ ਛੰਦ ਭੇਦ ਵਰਤੇ ਹਨ ॥

ਵਿਚਾਰ

ਜਾਪੁ ਸਾਹਿਬ ਦੇ ਕੁੱਲ ਛੰਦਾਂ ਦੀ ਗਿਣਤੀ ੧੯੯ ਦਸੀ ਜਾਂਦੀ ਹੈ ਪ੍ਰੰਤੂ ਅਸਲੋਂ ਇਸਦੇ ਛੰਦਾਂ ਦੀ ਰਚਨਾਂ ਦਾ ਅੰਤਮ ਅੰਕ ਦੋ ਸੌ (੨੦੦) ਹੈ ਜੈਸਾ ਕਿ ਪੁਰਾਤਨ ਲਿਖਤਾਂ ਵਾ ਛਾਪੇ ਦੀ ਬੀੜਾਂ ਤੇ, ਪੋਥੀਆਂ ਵਿਚ ਮਿਲਦਾ ਹੈ ਪ੍ਰੰਤੂ ਅਜ ਕਲ੍ਹ ਆਮ

ਪ੍ਰਵਿਰਤਕ ਨਿਤਜ ਨਯਮ ਦੇ ਗੁਟਕਿਆਂ ਵਿਖੇ ਇਸਦੇ ਉਲਟਾ ੧੮੪ ਅੰਕ ਤੋਂ ਅਗਲੇ ਛੰਦ ਯਥਾ:-

ਨਮੋ ਸੂਰਜ ਸੂਰਜੇ ॥ ਨਮੋ ਚੰਦ੍ਰ ਚੰਦ੍ਰੇ ॥
ਨਮੋ ਰਾਜ ਰਾਜੇ ॥ ਨਮੋ ਇੰਦ੍ਰ ਇੰਦ੍ਰੇ ॥ ੧੮੫ ॥
ਨਮੋ ਅੰਧਕਾਰੇ ॥ ਨਮੋ ਤੇਜ ਤੇਜੇ ॥
ਨਮੋ ਬ੍ਰਿੰਦ ਬ੍ਰਿੰਦੇ ॥ ਨਮੋ ਬੀਜ ਬੀਜੇ ॥ ੧੮੬ ॥

ਭੁਜੰਗ ਪ੍ਰਯਾਤ ਛੰਦ ਦੇ ਸਿਰ ਲੇਖ ਹੇਠ ਚਾਰ ਚਰਨ ਦੇ ਪਹਿਲੇ ਦੋ "ਅਰਧ ਭੁਜੰਗ ਪ੍ਰਯਾਤ" ੧੮੫ ਤੇ ੧੮੬ ਛੰਦ ਨੂੰ ਇਕੋ ਹੀ ਚਾਰ ਯਗਣ ਦਾ ਪੂਰਣ ਭੁਜੰਗ ਪ੍ਰਯਾਤ ੧੮੫ ਅੰਕ ਦੇ ਨਾਮ ਕਰਕੇ ਵਿਖਾਯਾ ਹੈ ਜਿਸਦੇ ਕਾਰਣ ਅੰਤ ਵਿਚ ਅੰਕ ੨੦੦ ਦੇ ਥਾਉਂ ੧੯੯ ਅੰਕ ਹੋਗਿਆ ਹੈ ਭਾਵ ਇਕ ਅੰਕ ਘਟਾਯਾਂ ਗਿਆ ਹੈ ॥

ਛੰਦ ਬੋਧ ਭਾਵ ਪਿੰਗਲ ਤੋਂ ਗਜਾਤ ਜਾਪੁ ਸਾਹਿਬ ਦੇ ਨਿਤਜ ਨਿਯਮੀ ਜਾਣਦੇ ਹਨ ਕਿ ਦਸਮੇਸ਼ ਜੀ ਨੇ "ਜਾਪੁ" ਵਿਚ ਇਕੋ ਹੀ ਸਿਰਲੇਖ ਭੁਜੰਗ ਪ੍ਰਯਾਤ ਦੇ ਨਾਮ ਹੇਠ ਦੋ ਪ੍ਰਕਾਰ ਦੇ ਛੰਦ (ਭੁਜੰਗ ਪ੍ਰਯਾਤ ਤੇ ਅਰਧ ਭੁਜੰਗ ਪ੍ਰਯਾਤ) ਉਚਾਰਨ ਕੀਤੇ ਹਨ, ਜਿਨ੍ਹਾਂ ਦੇ ਪਿੰਗਲ ਅਨੁਸਾਰ ਇਹ ਲਛਨ ਤੇ ਭੇਦ ਹਨ:—

੧. ਭੁਜੰਗ ਪ੍ਰਯਾਤ—ਇਹ ਛੰਦ ਵਰਣ ਬ੍ਰਿਤ ਦੇ ੧੨ ਅਖਰੇ ਜਗਤੀ ਨਾਮੇ ਭੇਦ ਦਾ ੧੪੬੪ ਵਾਂ ਰੂਪ ਹੈ ਜਿਸਦੇ ਕੁੱਲ ਰੂਪ ੪੦੯੬ ਹੁੰਦੇ ਹਨ ਇਸਦਾ ਲਛਨ ਇਹ ਹੈ:-

ਯਥਾ— ।ऽऽ, ।ऽऽ, ।ऽऽ, ।ऽऽ = ਯ ਯ ਯ ਯ = ਪਾਦ

ਧਰੋ ਚਾਰ ਬਾਜੀ ਸਭੈ ਅੰਕ ਬਾਰੈ ॥
ਜਤੀ ਆਦ ਪੈ ਦੀਜਿਯੇ ਪਾਦ ਚਾਰੈ ॥
ਗਨੋ ਬੀਸ ਮੱਤਾਂ ਜਬੈ ਏਕ ਪਾਦੈ ॥
ਭੁਜੰਗੀ ਪ੍ਰਯਾਤਾ ਤਬੈ ਤੂੰ ਬਤਾਦੈ ॥

(ਗਣ ਪ੍ਰਸਤਾਰ ਪ੍ਰਕਾਸ਼ ਪੰਨਾ ੧੪੩)

੨. ਅਰਧ ਭੁਜੰਗ ਪ੍ਰਯਾਤ—

ਇਹ ਛੰਦ ਵਰਣ ਬ੍ਰਿਤ ਦੇ ੬ ਅਖਰੀ "ਗਾਯਤ੍ਰੀ" ਨਾਮੇ ਛੰਦ ਦਾ ੧੦ ਵਾਂ ਰੂਪ ਹੈ। ਇਸਦੇ ਕੁਲ ਰੂਪ ੬੪ ਹਨ। ਇਸਨੂੰ ਪਿੰਗਲ ਵਿਚ ਆਮ "ਸੰਖ ਨਾਰੀ" ਲਿਖਿਆ ਜਾਂਦਾ ਹੈ ਭਾਵ ਅਰਧ ਭੁਜੰਗ ਪ੍ਰਯਾਤ ਦਾ ਹੀ ਦੂਜਾ ਨਾਉ "ਸੰਖ ਨਾਰੀ" ਹੈ॥

ਯਥਾ—।ऽऽ, ।ऽऽ = ਯ,ਯ = ਪਾਦ

ਕਰੋ ਦੋ ਯਗੰਨੇ॥ ਤੁਕੈਂ ਚਾਰ ਮੰਨੇ॥
ਦਸੋ ਮਾਤ੍ਰ ਧਾਰੀ॥ ਕਹੋ ਸੰਖ ਨਾਰੀ॥

(ਰੂਪ ਦੀਪ)

ਪੁਨ:

ਖੜਾਵੱਨ ਵੱਧਾ॥	ਭਾਵ ਛੇ ਅੱਖਰ ਹੋਣ,
ਭੁਜੰਗਾਪ ਅੱਧਾ॥	ਭੁਜੰਗ ਪ੍ਰਯਾਤ ਅੱਧਾ ਹੋਵੇ,
ਪਯਾ ਪਤ੍ਰ ਚਾਰੀ॥	ਚਾਰ ਪਾਦ ਹੋਵਨ
ਕਹੀ ਸੰਖ ਨਾਰੀ॥	ਉਸਨੂੰ ਸੰਖਨਾਰੀ ਕਹਿੰਦੇ ਹਨ॥

ਸੋ ਇਸਤੋਂ ਸਾਫ ਜ਼ਾਹਿਰ ਹੈ ਜੋ ਸੰਖਨਾਰੀ ਤੇ ਅਰਧ ਭੁਜੰਗ ਪ੍ਰਯਾਤ ਛੰਦ ਇਕੋ ਹੀ ਹਨ॥

ਖਾਲਸਾ ਜੀ! ਸ੍ਰੀ ਕਲਗੀਧਰ ਜੀ ਨੇ ਇਹ ਸੂਚਨ ਕਰਾਨ ਵਾਸਤੇ ਜੋ ਅਸਾਂ ਦੋ ਵਖੋ ਵਖ ਭੇਦਾਂ ਦੇ ਛੰਦ ਇਕੋ ਹੀ ਸਿਰ ਲੇਖ ਹੇਠ ਰਚੇ ਹਨ, ਤੇ ਉਨਾਂ ਦੋਨਾਂ ਹੀ ਪ੍ਰਕਾਰ ਦੇ ਛੰਦਾਂ ਨੂੰ ਉਸੇ ਸਿਰਲੇਖ ਹੇਠ ਠੀਕ ਇਕੱਠੇ ਵਰਤਕੇ ਵਿਖਾ ਦਿਤਾ, ਜਿਸਦੇ ਸਬੂਤ ਲਈ ਪੜ੍ਹੋ ਜਾਪੁ ਸਾਹਿਬ। ਵਰਨਾਂ ਕਈਆਂ ਨੇ ਸ਼ੰਕੇ ਕਰਨੇ ਸਨ ਕਿ ਲਓ ਜੀ ਜਾਪੁ ਵਿਚ ਜੋ ਭੁਜੰਗ ਪ੍ਰਯਾਤ ਦੇ ਨਾਮ ਹੇਠ ਬਹੁਤ ਸੇ ਛੰਦ ਉਚਾਰਨ ਕੀਤੇ ਹਨ ਉਹ ਸਾਰੇ ਪਿੰਗਲ ਅਨੁਸਾਰ ਨਹੀ ਹਨ ਯਾ ਕਈਆਂ ਨੇ ਦੋ ਅਰਧ ਭੁਜੰਗ ਪ੍ਰਯਾਤ ਛੰਦਾਂ ਨੂੰ ਹੀ ਕੱਠਾ ਕਰਕੇ ੪ ਯਗਣ ਦਾ ਭੁਜੰਗ ਪ੍ਰਯਾਤ ਬਨਾਣ ਦੀ ਕੋਸ਼ਸ਼ ਕਰਨੀ ਸੀ ਤਾਂ ਕਿ ਭੁਜੰਗ ਪ੍ਰਯਾਤ ਸਿਰ ਲੇਖ ਦੇ ਛੰਦਾਂ ਵਾਲੀ ਸਭ ਰਚਨਾਂ ਇਕ ਰਸ ਹੋ ਜਾਵੇ ਆਦਿ॥

ਸੋ ਇਨਾਂ ਸਭ ਗੱਲਾਂ ਨੂੰ ਸਾਫ਼ ਕਰਨ ਵਾਸਤੇ ਦਸਮੇਸ਼ ਜੀ ਨੇ ੧੮੪ ਅੰਕ ਤੋਂ ਅਗਲੇ ਭੁਜੰਗ ਪ੍ਰਯਾਤ ਹੇਠ ਦੋਨਾਂ ਛੰਦਾਂ ਨੂੰ ਇਕੋ ਸਿਰਲੇਖ ਅੰਦਰ ਹੀ ਇਕੱਠਾ ਵਰਤਕੇ ਵਿਖਾ, ਅਪਨੇ ਪਿੰਗਲ ਭਾਵ ਛੰਦ ਬੋਧ ਤੋਂ ਗਿਆਤ ਹੋਨ ਦਾ ਪੂਰਣ ਸਬੂਤ ਦਿਤਾ ਹੈ, ਜਿਸਤੋਂ ਪਤਾ ਲਗਦਾ ਹੈ ਜੋ ਗੁਰੂ ਸਾਹਿਬ ਕਿਥੋਂ ਤਕ ਕਾਵਯ ਰਚਨਾਂ ਵਿਚ ਨਿਪੁਣ ਸਨ, ਬਲਕਿ ਪਿੰਗਲ ਤੋਂ ਪੂਰਣ ਜਾਣੂ ਹੁੰਦੇ ਹੋਯਾਂ ਆਪ ਨੇ ਆਪਣੀ ਵਖੋ ਵਖ ਰਚਨਾਂ ਵਿਚ ਪਿੰਗਲ ਦੇ ਗੂਹੜ ਭੇਦ ਭੀ ਖੋਹਲੇ ਤੇ ਸਾਥ ਹੀ ਰਚਨਾਂ ਦ੍ਵਾਰਾ ਦਸਿਆ ਜੋ "ਦੈਵ ਬਾਣੀ" ਪਿੰਗਲ ਦੇ ਨਿਯਮਾਂ ਵਿਚ ਹੁੰਦੀ ਹੋਈ ਭੀ ਪਿੰਗਲ ਦੇ ਨਿਯਮਾਂ ਤੋਂ ਬਾਹਰ ਹੈ, ਤੇ ਦੈਵ ਬਾਣੀ ਦਾ ਇਕ ਅਪਨਾ ਹੀ ਅਡ ਪਿੰਗਲ ਹੋਯਾ ਕਰਦਾ ਹੈ, ਸੋ ਇਸ ਸ਼ਕਲ ਵਿਚ ੧੮੪ ਤੋਂ ਅਗਲੇ ਭੁਜੰਗ ਪ੍ਰਯਾਤ ਸਿਰਲੇਖ ਵਾਲੇ ਦੇ ਪਹਿਲੇ ਦੋ ਅਰਧ ਭੁਜੰਗ ਪ੍ਰਯਾਤ ੧੮੫ ਤੇ ੧੮੬ ਛੰਦਾਂ ਨੂੰ ਇਕੋ ਹੀ ਚਾਰ ਯਗਣ ਦਾ ਪੂਰਣ ਭੁਜੰਗ ਪ੍ਰਯਾਤ ੧੮੫ ਦਸਨਾ ਤੇ ਪ੍ਰਚਾਰ ਕਰਨਾ ਸਾਡੀ ਮਹਾਂਨ ਭੁੱਲ ਹੈ ਤੇ ਗੁਰੂ ਸਾਹਿਬਾਂ ਵਿਚ ਦੋਸ਼ ਅਰੋਪਨਾ ਹੈ ॥

ਸੂਚਨਾ

ਸਾਡੇ ਕਈਕ ਸੰਤ ਭਰਾ ਇਸ "ਨਮੋ ਸੂਰਜ ਸੂਰਜੇ। ਨਮੋ ਚੰਦ੍ਰ ਚੰਦ੍ਰੇ। ਨਮੋ ਰਾਜ ਰਾਜੇ। ਨਮੋ ਇੰਦ੍ਰ ਇੰਦ੍ਰੇ॥ (ੳ) ਨਮੋ ਅੰਧਕਾਰੇ। ਨਮੋ ਤੇਜ ਤੇਜੇ। ਨਮੋ ਬ੍ਰਿੰਦ ਬ੍ਰਿੰਦੇ। ਨਮੋ ਬੀਜ ਬੀਜੇ॥(ਅ)

ਛੰਦ ਪ੍ਰਥਾਇ ਕਹਿੰਦੇ ਹਨ ਕਿ ਜੇਕਰ ਇਸ ਵਿਚ ਨਿਮੇਖੀ ਦੇ ਥਾਉਂ ਡੰਡੀ ਕੀਤੀ ਜਾਵੇ ਤੇ "ਨਮੋ ਇੰਦ੍ਰ ਇੰਦ੍ਰੇ" ਦੇ ਪਿਛੇ ਅੰਕ ਵਧਾਕੇ ਇਸਨੂੰ ਅਰਧ ਭੁਜੰਗ ਪ੍ਰਯਾਤ ਮੰਨਿਆਂ ਜਾਵੇ ਤਾਂ ਅਰਧ ਭੁਜੰਗ ਪ੍ਰਯਾਤ ਦਾ ਲਛਨ ਤਾਂ ਭਾਂਵੇ ਠੀਕ ਘਟ ਜਾਸੀ, ਪਰ ਪਿੰਗਲ ਦੋਸ਼ ਆਨੇ ਕਰ ਛੰਦ ਅਸ਼ੁੱਧ ਹੋ ਜਾਸੀ, ਯਥਾ—ਪਿੰਗਲ

ਦੋਸ਼ ਦੋਹਰਾ:—

ਲਯ ਵਿਰਾਮ ਦੀ ਵਿਖਮਤਾ,
ਗਣ ਅਰ ਵਰੁਣ ਵਿਰੁੱਧ।
ਵਾਧ ਘਾਟ ਮਤ ਵਰਨ ਦੀ,
ਛੰਦਾ ਕਰਨ ਅਸ਼ੁੱਧ ॥ ੧੩ ॥
(ਗੁਰੂ ਕਾਵਯ ਦਰਸ਼ਨ ਪਿੰਗਲ)

ਸੋ ਅਸੀ ਕਹਾਂਗੇ ਕਿ ਸੰਤ ਜੀ ! ਜੇਕਰ ਇਸ "ਦੈਵ ਬਾਣੀ" ਨੂੰ ਨਿਰਾ ਪਿੰਗਲ ਦੀ ਕਸਵੱਟੀ ਦੁਆਰਾ ਹੀ ਵੇਖਿਆ ਜਾਵੇ ਤਾਂ ਆਪਦਾ ਕਥਨ ਤਾਂ ਜਰੂਰ ਠੀਕ ਹੈ ਪ੍ਰੰਤੂ ਕ੍ਰਿਪਾ ਕਰਕੇ ਇਨਾਂ ਹੇਠਲੇ ਛੰਦਾਂ ਵਲ ਭੀ ਨਜ਼ਰ ਮਾਰ ਲਵੋ ਕਿਤੇ ਇੱਥੇ ਤਾਂ ਆਪ ਦਾ ਪਿੰਗਲ ਦੋਸ਼ ਦਾ ਮਸਲਾ ਨਹੀ ਘਟਦਾ:—

ਭੁਜੰਗ ਪ੍ਰਯਾਤ

ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥
ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥ ੪੭ ॥
ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥
ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥ ੪੯ ॥
ਕਲੰਕੰ ਬਿਨਾਨੇ ॥ ਕਲੰਕੀ ਸਰੂਪੇ ॥
ਨਮੋ ਰਾਜ ਰਾਜੇ ॥ ਸ੍ਵਰੰ ਪਰਮ ਰੂਪੇ ॥ ੫੦ ॥
ਨਮੋ ਦਾਨ ਦਾਨੇ ॥ ਨਮੋ ਮਾਨ ਮਾਨੇ ॥
ਨਮੋ ਰੋਗ ਰੋਗੇ ॥ ਨਮਸਤੰ ਸ਼ਨਾਨੰ ॥ ੫੬ ॥

ਨੋਟ

ਇਸ ਕਿਸਮ ਦੇ ਛੰਦ ਹੋਰ ਭੀ ਬਹੁਤ ਹਨ ਤੇ ਇਹੋ ਜਿਹੇ ਪਿੰਗਲ ਦੋਸ਼ ਨਿਰੇ ਅਰਧ ਭੁਜੰਗ ਪ੍ਰਯਾਤ ਤੇ ਭੁਜੰਗ ਪ੍ਰਯਾਤ ਵਿਚ ਹੀ ਨਹੀਂ ਹਨ, ਬਲਕਿ ਹੋਰਨਾਂ ਛੰਦ ਭੇਦਾਂ ਵਿਚ ਭੀ ਏਹੀ ਦੋਸ਼ ਆਪਦੇ ਖਿਆਲ ਅਨੁਸਾਰ ਘਟਦੇ ਹਨ। ਇਸ

ਵਿਚਾਰ ਨੂੰ ਅਸੀ ਵਧਾਉਣਾਂ ਨਹੀਂ ਚਾਹੁੰਦੇ ਕੇਵਲ ਇਤਨਾਂ ਹੀ ਦਸਨਾ ਚਾਹੁੰਦੇ ਹਾਂ ਜੋ "ਦੈਵ ਬਾਣੀ" ਸਾਰੀ ਪਿੰਗਲ ਨਿਯਮਾਂ (ਬੰਧਨਾਂ) ਵਿਚ ਨਹੀਂ ਆ ਸਕਦੀ ਉਸਦੇ ਸਗੋਂ ਅਪਨੇਹੀ ਪਿੰਗਲ ਨਿਯਮ ਹੋਯਾ ਕਰਦੇ ਹਨ। ਯਾਂਤੇ ਆਪ ਦਾ ਇਹ ਸ਼ੰਕਾ ਕਰਨਾ ਜੋ ਇਹ ਛੰਦ ਪਿੰਗਲ ਦੋਸ਼ ਆਨੇ ਕਰ ਅਸ਼ੁੱਧ (ਭੰਗ) ਹੋ ਜਾਸੀ ਨਿਰਾਰਥਕ ਹੈ। ਜਾਪਦਾ ਹੈ ਜੋ ਆਪ ਨੇ ਕਦੇ "ਜਾਪੁ ਸਾਹਿਬ" ਵਿਚਾਰਕੇ ਨਹੀਂ ਪੜ੍ਹਿਆ ਵਰਨਾ ਇਹ "ਪਿੰਗਲ ਦੋਸ਼" ਦਾ ਮਸਲਾ ਇਥੇ ਪੇਸ਼ ਕਰਕੇ ਸ਼ਰਮਿੰਦੇ ਨ ਹੁੰਦੇ॥

ਸਿੱਟਾ

ਇਹ ਜੋ ਪਿੰਗਲ ਆਦਿ ਦੋਸ਼ਾਂ ਦਾ ਖਿਆਲ ਨ ਕਰਦੇ ਹੋਏ ਅਗੇ ਨੂੰ ਇਸਦੇ ਅੰਕਾਂ ਦੀ ਅਸਲ ਗਿਣਤੀ ਦੋ ਸੌ (੨੦੦) ਦਾ ਹੀ ਪ੍ਰ[illegible] ਕੀਤਾ ਜਾਵੇ॥

—०—

ਅਕਾਲ ਉਸਤਤਿ

ਇਸ ਸ੍ਰੀ ਮੁਖਵਾਕ ਬਾਣੀ ਵਿਚ ਪ੍ਰਮੇਸ਼ੁਰ ਦੀ ਇਕਰਸ ਅਖੰਡ ਉਸਤਤਿ ਵਰਣਨ ਹੈ। ਇਸ ਬਾਣੀ ਦੇ ਕੁੱਲ ਛੰਦਾਂ ਦਾ ਅੰਕ ੨੭੧ ਦੱਸਿਆ ਜਾਂਦਾ ਹੈ ਅਤੇ ਅੰਤਮ "ਸਾਤੋ ਅਕਾਸ਼ ਸਾਤੋ ਪਤਾਲ। ਬਿਥਰਯੋ ਅਦ੍ਰਿਸਟ ਜਿਹ ਕਰਮ ਜਾਰ" ਵਾਲਾ ਪਾਧੜੀ ਛੰਦ ਅਧੂਰਾ ਹੈ॥

ਪ੍ਰੰਤੂ ਸ਼ੋਕ ਨਾਲ ਕੈਹਣਾ ਪੈਂਦਾ ਹੈ ਜੋ ਦਸਮ ਗ੍ਰੰਥ ਦੀ ਬਾਣੀਆਂ ਇਤਨੀ ਅਨਗੈਹਲੀ ਨਾਲ ਇਕਤ੍ਰ ਕਰਕੇ ਲਿਖੀ ਗਈ ਹਨ ਜੋ ਇਕ ਬਾਣੀ ਦੇ ਛੰਦ ਸ਼ਲੋਕ ਦੂਸਰੀ ਵਿਚ ਸ਼ਾਮਲ ਕਰ ਦਿਤੇ ਗਏ ਹਨ ਜਿਨਾਂ ਨੂੰ ਹੁਣ ਤਰਤੀਬ ਦੇਵਨਾ ਕੋਈ ਸੌਖਾ ਕੰਮ ਨਹੀਂ ਬਲਕਿ ਬਹੁਤ ਸੇ ਪ੍ਰਸੰਗ ਬਾਹਰਲੇ ਵਾਧੂ ਵਿਚ ਐਵੇਂ ਜੜ ਦਿਤੇ ਹਨ। ਦੇਖੀਏ ! ਜੋ ਕਿਸੇ ਦੇਵੀ ਭਗਤ ਦੀ ਕ੍ਰਿਪਾ ਕਰਕੇ "ਦੀਰਘ ਤ੍ਰਿਭੰਗੀ ਛੰਦ" ਵਾਲੇ ਬੀਸ ਛੰਦ (ਅੰਕ ੨੧੧ ਤੋਂ ੨੩੦ ਤਕ) ਜੋ ਅਸਲ ਵਿਚ ਮਾਰਕੰਡੇ ਦੇ ਪ੍ਰਸੰਗ ਵਾਲੀ ਦੇਵੀ ਦੇ ਸੰਸਕ੍ਰਿਤ ਸਤੋਤ੍ਰ **ਦੇਵੀ ਪੁਸ਼ਪਾਂਜਲੀ ਸਤੋਤ੍ਰ** ਦਾ ਹਿੰਦੀ ਭਾਸ਼ਾ ਵਿਚ ਅਨੁਵਾਦ ਹਨ, ਇਸ ਬਾਣੀ ਵਿਚ ਲਿਖੇ ਗਏ ਹਨ, ਜਿਨਾਂ ਦਾ ਇਥੇ ਦਰਜ ਹੋਣਾਂ ਉੱਕਾ ਹੀ ਅਜੋੜ ਹੈ। ਪੁਨ: ਇਹ ਉਪਰਲੇ ਤੇ ਅਗਲੇ ਇਕਰਸ ਅਕਾਲ ਦੀ ਉਸਤਤਿ ਵਾਲੇ ਪ੍ਰਸੰਗ ਤੋਂ ਸਾਫ ਉਲਟ ਹਨ। ਅਸਲੋਂ ਇਹ "ਦੀਰਘ ਤ੍ਰਿਭੰਗੀ ਛੰਦ" ਵਾਲੇ ਬੀਸ ਛੰਦ "ਮਾਰ ਕੰਡੇ ਪੁਰਾਣ" ਦੇ ਤਰਜਮੇ (ਦੂਜੇ ਚੰਡੀ ਚਰਿਤ੍ਰ ਦੇ ਸਤਵੇਂ ਅਧਯਾਯ) ਵਿਚ ਦਰਜ ਕਰਨੇ ਚਾਹੀਦੇ ਸਨ। ਅਕਾਲ ਉਸਤਤਿ ਦੇ ਪਾਠ ਵਿਚ ਇਨ੍ਹਾਂ ਦਾ ਦਰਜ ਕਰਨਾ ਦੁਧ ਵਿਚ ਕਾਂਜੀ ਮਿਲਾਨਾ ਹੈ॥

ਪੂਨ:—

"ਅਕਾਲ ਉਸਤਤਿ" ਵਿਚ ਜੋ ੨੦੧ ਤੋਂ ੨੧੦ ਅੰਕ ਤਕ (ਨਿਰੇ ਪ੍ਰਸ਼ਨ ਰੂਪ) ਦੋਹਰੇ ਹਨ ਇਨ੍ਹਾਂ ਦਾ ਸੰਬੰਧ ਅਸਲੋਂ ਗਜਾਨ ਪ੍ਰਬੋਧ ੧੨੫ ਅੰਕ ਤੋਂ ਅਗਲੇ ਪ੍ਰਸੰਗ ਭਾਵ "ਦਾਨ ਧਰਮ ਦਰਪਣ" ਦੇ ਦੋਹਰਿਆਂ ਨਾਲ ਮਿਲਾਕੇ ਵੇਖੀਏ ਤਾਂ ਪਤਾ ਲਗਦਾਹੈ ਜੋ "ਅਕਾਲ ਉਸਤਤਿ" ਵਿਚ ਇਹ ਅਸਲੋਂ ਅਨਮਿਲਤ ਹਨ, ਯਾਂਤੇ ਇਨ੍ਹਾਂ ਨੂੰ ਉੱਪਰ ਦੱਸੀ ਰਚਨਾਂ ਨਾਲ ਹੀ ਪ੍ਰਸੰਗ ਅਨੁਸਾਰ ਦਰਜ ਕਰਨਾਂ ਜਰੂਰੀ ਹੈ ॥

ਨੋਟ

ਕਈ ਸਜਨ ਇਨਾਂ ਦੋਹਰਿਆਂ ਵਿਚ ਪ੍ਰਸ਼ਨ ਅੰਤ੍ਰਾਲਾਪ ਤੇ ਉਤ੍ਰ ਬਾਹਿਰਾਲਾਪ ਦਸਦੇ ਹੋਏ ਅਪਨੇ ਮਨੋ ਹੀ ਦੋਹਰਿਆਂ ਵਿਚ ਬਣਾਕੇ ਉਤ੍ਰ ਕਹਿੰਦੇ ਹਨ ਤੇ ਕਈ ਵੀਰ ਇਨ੍ਹਾਂ ਦੋਹਰਿਆਂ ਦੇ ਅਰਥ ਗੁਪਤੋਤ੍ਰ ਦੇ ਭੇਦਾਂ ਪਿੰਗਲ ਅਨੁਸਾਰ ਖਿੱਚ ਪਾੜਕੇ ਕਰਦੇ ਹਨ ਸੋ ਇਹ ਦੋਨੋ ਹੀ ਠੀਕ ਨਹੀ ? ਕਿਉਂਕਿ ਅਰਥ ਉਹੀ ਹੁੰਦੇ ਹਨ ਜੋ ਸਧਾਰਨ ਰੀਤ ਅਨੁਸਾਰ ਸਮਝ ਵਿਚ ਆ ਜਾਵਨ, ਵਰਨਾ ਜੇ ਖਿੱਚ ਪਾੜਕੇ ਹੀ ਅਰਥ ਕਰਨੇ ਹੋਵਨ ਤਾਂ ਹਰਇਕ ਚੰਗੇ ਮੰਦੇ ਸ਼ਲੋਕ ਦੇ ਹੋ ਸਕਦੇ ਹਨ ਜਿਸਤਰਾਂ ਲੋਕੀ ਹੀਰ ਰਾਂਝੇ ਆਦਿ ਕਿੱਸਿਆਂ ਦੇ ਕਰਿਆ ਕਰਦੇ ਹਨ ਸੋ ਇਹ ਰੀਤ ਅਛੀ ਨਹੀਂ ਹੈ ॥

ਪਸ

ਜਰੂਰੀ ਹੈ ਜੋ ਇਨ੍ਹਾਂ ਖਿਚ ਪਾੜ ਦੇ ਅਰਥਾਂ ਨੂੰ ਛਡਦਿਆਂ ਹੋਯਾਂ "ਦੁਸਾਂ ਦੋਹਰਿਆਂ" ਨੂੰ ਸੁੱਧੇ ਬੀਸ "ਦੀਰਘ ਤ੍ਰਿਭੰਗੀ ਛੰਦਾਂ" ਦੀ ਗੜਬੜ ਦੇ ਅਨਮਿਲਤ ਛੰਦਾਂ ਨੂੰ ਛੋਡਕੇ ਬਾਕੀ ਬਾਣੀ ਦਾ ਇਕਰਸ ਪ੍ਰਚਾਰ ਕੀਤਾ ਜਾਵੇ ਤਾਂ ਕਿ ਇਸ ਬੀਰ ਰਸ ਕਵਿਤਾਂ ਵਿਚ ਇਕ ਅਕਾਲ ਦੀ ਉਸਤਤਿ ਨੂੰ ਇਕ ਰਸ ਸਿਮਰਣ ਕਰਦਿਆਂ ਹੋਯਾਂ "ਨਾਮ ਰਸ" ਦੇ ਲਾਹੇ ਲੈਕੇ ਅਪਨੇ ਖ਼ਾਲਸਈ

ਪਨੇ ਦੀ ਹਸਤੀ ਨੂੰ ਪਛਾਣਦੇ ਹੋਏ ਖਾਲਸੇ ਬਣਨ ॥

ਹੋਰ ਵਿਚਾਰ

ਕਈਕ ਪੰਥ ਪਜਾਰੇ ਇਹ ਭੀ ਪ੍ਰਗਟ ਕਰਦੇ ਹਨ ਕਿ ਇਸ "ਅਕਾਲ ਉਸਤਤਿ" ਵਿਚ-"ਸ੍ਰਾਵਗ ਸੁੱਧ"-ਵਾਲੇ ਅੰਮ੍ਰਿਤ ਪ੍ਰਚਾਰ ਦੇ ਦਸ ਸਵੈਯੇ ਭੀ ਜੋ ਕਿ ਅੰਕ ੨੧ ਤੋਂ ੩੦ ਤਕ ਲਿਖੇ ਮਿਲਦੇ ਹਨ "ਅਕਾਲ ਉਸਤਤਿ" ਦਾ ਪਾਠ ਨਹੀ ਹਨ, ਬਲ ਕਿ ਅਪਨੇ ਆਪ ਵਿਚ ਇਕ ਵਖ ਤੇ ਸੁਤੰਤ੍ਰ ਰਚਨਾ ਹੈ ॥

ਇਹ ਦਸ ਸਵੈਯੇ ਖਾਸ ਅੰਮ੍ਰਿਤ ਪ੍ਰਚਾਰ ਸਮਯ ਨੂੰ ਅਨੁਭਵ ਕਰਦਿਆਂ ਹੋਯਾਂ ਦਸਮ ਗੁਰੂ ਜੀਨੇ ਅਨੰਦਪੁਰ ਵਿਖੇ ਉਚਾਰਨ ਕੀਤੇ ਹਨ ਤੇ ਅਕਾਲ ਉਸਤਤਿ ਉਸਤੋਂ ਮਗਰੋਂ ਉਚਾਰਨ ਕੀਤੀ ਗਈ ਹੈ ਅਗਰ ਨਹੀ ਤਾਂ ਕੋਈ ਸਬੂਤ ਦ੍ਵਾਰਾ ਦਸੇ ਜੋ ਇਹ ਕਦੋਂ ਤੇ ਕਿਥੇ ਉਚਾਰਨ ਕੀਤੀ ਗਈ ਹੈ ॥

ਇਨ੍ਹਾਂ ਸਵੈਯਾਂ ਦੇ ਪਹਿਲੋਂ ਉਚਾਰੇ ਜਾਨ ਦਾ ਸਬੂਤ ਸਾਡਾ ਇਤਹਾਸ ਭੀ ਦਿੰਦਾ ਹੈ ਬਲਕਿ ਇਨ੍ਹਾਂ ਦਸ ਸਵੈਯਾਂ ਦਾ ਚੁਰਾਕੇ ਲੈ ਜਾਨ ਲਈ ਕਵੀਆਂ ਦਾ ਅਪਨੇ ਸਰੀਰ ਉਪਰ ਲਿਖ ਲੈਣਾ ਤੇ ਗੁਰੂ ਜੀ ਦਾ ਤਿਨ੍ਹਾਂ ਦੇ ਇਸ਼ਨਾਨ ਲਈ ਹੁਕਮ ਦੇਵਨਾ ਜਿਸ ਪਰ ਕਵੀਆਂ ਦੀ ਪੋਲ ਦੇ ਖੁਲ੍ਹ ਜਾਣੇ ਪਰ ਤਿਨ੍ਹਾਂ ਦੇ ਸ਼ਰਮਿੰਦਾ ਹੋਨ ਦਾ ਪ੍ਰਸੰਗ ਹੈ ॥

ਇਸਤੋਂ ਬਿਨਾਂ ਇਨ੍ਹਾਂ ਸਵੈਯਾਂ ਦੀ ਅਪਨੀ ਰਚਨਾ ਭੀ ਬਾਕੀ ਅਕਾਲ ਉਸਤਤਿ ਨਾਲੋਂ ਅਲੌਕਿਕ ਸ਼ਕਲ ਹੈ ਜਿਸਨੂੰ ਪਾਠਕ ਵਿਚਾਰਕੇ ਖੁਦ ਹੀ ਅਨੁਭਵ ਕਰ ਸਕਦੇ ਹਨ ॥

ਯਾਂਤੇ

ਇਨ੍ਹਾਂ "ਸ੍ਰਾਵਗ ਸੁੱਧ" ਵਾਲੇ ਦਸਾਂ ਸਵੈਯਾਂ ਦਾ ਅਪਨੇ ਸਿਰ ਲੇਖ ਹੇਠ ਹੀ ਪ੍ਰਚਾਰ ਕੀਤਾ ਜਾਵੇ ਤੇ "ਅਕਾਲ ਉਸਤਤਿ" ਦੇ ਅੰਤਰਗਤ ਇਨ੍ਹਾਂ ਨੂੰ ਪ੍ਰਵਿਰਤੀ ਨਾ ਦਿਤੀ ਜਾਵੇ ॥

ਬਚਿਤ੍ਰ ਨਾਟਕ

ਇਹ "ਬਚਿਤ੍ਰ ਨਾਟਕ" ਨਾਮੀ ਅਦਭੁਤ ਡਰਾਮਾ ਕਈ ਕ ਗ੍ਰੰਥਾਂ ਦਾ ਸਮੁਦਾਇ ਹੈ ਤੇ ਇਹ ਹੈ ਭੀ ਅਧੂਰਾ ਕਿਉਂਕਿ "ਦੇਵ ਚਰਿਤ੍ਰ" ਆਦਿ ਕਈਕ ਗ੍ਰੰਥ ਇਸ ਵਿਚੋਂ ਘਟ ਹਨ ਜਿਸਦਾ ਸਬੂਤ ਬਚਿਤ੍ਰ ਨਾਟਕ (ਕਵੀ ਜੀਦੀ ਅਪਨੀ ਕਥਾ) ਦੇ ੧੪ਵੇਂ ਧਿਆਉ ਵਿਚੋਂ ਸਾਫ ਮਿਲਦਾ ਹੈ ਤੇ ਅਸਲੋਂ ਗ੍ਰੰਥਾਂ ਦੀ ਤਰਤੀਬ ਭੀ ਇਸ ਵਿਚ ਦੱਸੇ ਹੋਏ ਸਿਲਸਿਲੇ ਵਾਰ ਨਹੀ ਹੈ ਜਿਸਦੇ ਸਬੂਤ ਦੀ ਲੋੜ ਨਹੀਂ ਇਸਦੇ ਪਾਠੀ ਸੁਤੇ ਹੀ ਜਾਨ ਸਕਦੇ ਹਨ। ਇਸ ਵਿਚ ਇਹ ੭ ਗ੍ਰੰਥ ਇਕਤ੍ਰ ਕੀਤੇ ਗਏ ਹਨ; ਯਥਾ:—

(੧) ਸ੍ਰੀ ਅਕਾਲ ਜੀ ਕੀ ਉਸਤਤਿ। (੨) ਬਚਿਤ੍ਰ ਨਾਟਕ ਸ੍ਰੀ ਕਲਗੀਧਰ ਜੀ ਦੀ ਅਪਨੀ ਕਥਾ। (੩) ਚੰਡੀ ਚਰਿਤ੍ਰ ਉਕਤ ਬਿਲਾਸ। (੪) ਚੰਡੀ ਚਰਿਤ੍ਰ ੨ । (੫) ਚੰਡੀ ਦੀ ਵਾਰ । (੬) ਗਜਾਨ ਪ੍ਰਬੋਧ (ਦਾਨ ਧਰਮ ਦਰਪਣ ਸੁਧੇ) । (੭)ਚੌਬੀਸ ਅਵਤਾਰ ਤੇ ਉਪ ਅਵਤਾਰ ॥

ਭਾਵ ਇਸ ਗ੍ਰੰਥ ਦਾ "ਨਮਸਕਾਰ ਸ੍ਰੀ ਖੜਗ ਕੋ" ਦੋਹਰਾ ਤੋਂ ਅਰੰਭ ਹੋ ਕੇ "ਇਤਿ ਪਾਰਸ ਨਾਥ" ਤਕ ਪਾਠ ਹੈ ਜੋ ਕਿ ਅਪੂਰਣ ਹੈ। ਬਲਕਿ "ਸ੍ਰੀ ਅਕਾਲ ਜੀ ਕੀ ਉਸਤਤਿ" ਜਿਸਨੂੰ ਸੰਗ੍ਰਹਿਕਾਰਾਂ ਨੇ "ਬਚਿਤ੍ਰ ਨਾਟਕ" ਦੇ ਅੰਤਰ ਗਤ ਪਹਿਲਾ ਧਿਆਯ ਕਰਕੇ ਲਿਖਾ ਹੈ। ਅਸਲੋਂ ਇਕ ਵਖ "ਬੇਨਤੀ ਪਾ: ੧੦" ਚੌਪਈ ਵਤ ਇਕ ਛੋਟੀ ਜੇਹੀ ਰਚਨਾ ਹੈ, ਜੋ ਕਿ ਬਚਿਤ੍ਰ ਨਾਟਕ ਦਾ ਹਿੱਸਾ ਨਹੀਂ। ਪੁਨਾ ਇਸੇ ਤਰਾਂ "ਗਜਾਨ ਪ੍ਰਬੋਧ" ਭੀ ਹੈ ਜੋ ਇਸੇ ਦੇ ਅੰਤਰ ਗਤ "ਦਾਨ ਧਰਮ ਦਰਪਣ" ਨਾਮੀ ਗ੍ਰੰਥ ਨਾਲ ਰਲਾਕੇ ਲਿਖਾ ਗਿਆ ਹੈ। ਪਾਠਕ ਜਨ ਵਿਚਾਰ ਸਕਦੇ ਹਨ। ਅਸੀ ਹੁਣ ਬਚਿਤ੍ਰ ਨਾਟਕ ਦੇ ਅੰਤਰ ਗਤ ਗ੍ਰੰਥਾਂ ਸੰਬੰਧੀ ਵੇਰਵਾ ਇਥੇ ਅਡ ੨ ਕਰਕੇ ਦੇਵਨਾ ਯੋਗ ਸਮਝਦੇ ਹਾਂ॥

(੧) ਸ੍ਰੀ ਅਕਾਲ ਜੀ ਕੀ ਉਸਤਤਿ

ਨਾਮੇ "ਗੁਰ ਗਿਰਾ" ਬਾਣੀ ਬਚਿਤ੍ਰਨਾਟਕ ਦੇ ਅੰਤਰ ਗਤ ਪਹਿਲੇ ਅਧਯਾਯ ਦੇ ਨਾਮ ਹੇਠ ਦਰਜ ਹੈ ਇਸਦੀ ਰਚਨਾ "ਅਕਾਲ ਉਸਤਤਿ" ਦੇ ਨਾਲ ਮਿਲਦੀ ਹੈ ਤੇ ਇਸਦਾ ਅਧਾਰ ਭੀ ਉਸੇ ਪਰ ਹੈ, ਪ੍ਰੰਤੂ ਸੰਗ੍ਰਹਿਕਾਰਾਂ ਦੀ ਗਲਤੀ ਦੇ ਕਾਰਣ "ਅਕਾਲ ਉਸਤਤਿ" ਦੇ ਪਾਠ ਵਤ ਇਸ ਵਿਚ ਭੀ ਗੜ ਬੜ ਹੈ ਭਾਵ ਇਸ ਵਿਖੇ ਭੀ ਕਈਕ ਅਪ੍ਰਸੰਗਕ ਛੰਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਸ਼ੇ ਤੋਂ ਉਲਟ ਪਾਏ ਜਾਂਦੇ ਹਨ ਜਿਸਦਾ ਕਾਰਣ ਕੇਵਲ ਇਹੀ ਪ੍ਰਤੀਤ ਹੁੰਦਾ ਹੈ ਕਿ "ਦਸਮ ਗ੍ਰੰਥ" ਦੇ ਸੰਗ੍ਰਹ ਕਰਨ ਸਮਯ ਖਾਲਸਾ ਜੀ ਨੂੰ ਜੁਧ ਜੰਗਾਂ ਦੇ ਕਾਰਣ ਇਤਨਾ ਸਮਯ ਨਹੀਂ ਮਿਲ ਸਕਿਆ ਕਿ ਇਸਦੀ ਸੋਧਨਾ ਕਰਕੇ ਸ਼ੁੱਧ ਪਾਠ ਇਕ ਰਸ "ਅਕਾਲ ਦੀ ਉਸਤਤਿ" ਦਾ ਲਿਖਿਆ ਜਾਂਦਾ। ਜਿਸਦੇ ਕਾਰਣ ਇਸਦੇ ਪਾਠ ਦੀ ਗੜ ਬੜ ਨਿਕਲ ਜਾਂਦੀ; ਜਿਹਾ ਕਿ ਇਸ ਵਿਚ ੧੮ ਛੰਦ ਤੋਂ ੨੩ ਛੰਦ ਤਕ ਤੇ ੩੧ ਛੰਦ ਤੋਂ ੫੯ ਛੰਦ ਤਕ। ਇਨ੍ਹਾਂ ਵਿਚ ਅਕਾਲ ਪੁਰਖ ਦਾ ਕਾਲ ਰੂਪ ਵਿਚ ਵਰਣਨ ਕੀਤਾ ਹੈ ਜੋ ਕਿ ਅਕਾਲ ਪੁਰਖ ਦੀ ਮਹਿਮਾਂ ਅਕਾਲ ਪੁਰਖ ਦੇ ਸਰੂਪ ਤੋਂ ਉੱਕੀ ਹੀ ਉਲਟ ਹੈ ਤੇ ਗੁਰਮਤ ਵਿਰੁੱਧ ਹੈ।

ਯਥਾ:—

ਰਸਾਵਲ ਛੰਦ

ਚਤੁਰ ਬਾਹੁ ਚਾਰੰ ॥ ਨਿਰਜੂਟੰ ਸੁਧਾਰੰ ॥
ਗਦਾ ਪਾਸ ਸੋਹੰ ॥ ਜਮੰ ਮਾਨ ਮੋਹੰ ॥ ੩੨ ।
ਧੁਨੰ ਨੇਵਰਾਣੰ । ਘੁਰੰ ਘੁੰਘ੍ਰਾਣੰ ॥ ੩੧ ॥ ਆਦਿ—

ਪਾਠਕ ਜਨ ਉੱਪਰ ਦੱਸੇ ਅੰਕਾਂ ਦਾ ਪਾਠ ਆਪ ਗ੍ਰੰਥ ਵਿਚੋਂ ਵਿਚਾਰਕੇ ਸਿੱਟਾ ਕਢ ਸਕਦੇ ਹਨ ॥

ਪਸ

ਜਰੂਰੀ ਹੈ ਜੋ ਇਸ "ਸ੍ਰੀ ਅਕਾਲ ਜੀ ਕੀ ਉਸਤਤਿ" ਨਾਮੇ ਬਾਣੀ ਵਿਚੋਂ ੧੮ ਤੋਂ ੨੩ ਛੰਦ ਤਕ ਤੇ ੩੧ ਛੰਦ ਤੋਂ ੫੯ ਛੰਦ ਆਦਿ ਤਕ ਦੀ ਬਾਣੀ ਦੀ ਗੜ ਬੜ ਛਡਕੇ ਬਾਕੀ ਸਾਰੀ ਬਾਣੀ ਇਕ ਰਸ ਛਾਪਕੇ ਇਸ ਬਾਣੀ ਦਾ ਇਸੇ ਸਿਰਲੇਖ "ਸ੍ਰੀ ਅਕਾਲ ਜੀ ਕੀ ਉਸਤਤਿ" ਹੇਠ ("ਬਚਿੱਤ੍ਰ ਨਾਟਕ" ਦੇ ਅੰਤਰ ਗਤ ਨ ਮੰਨਦੇ ਹੋਏ) ਵਖ ਪ੍ਰਚਾਰ ਕੀਤਾ ਜਾਵੇ ॥

(੨) ਬਚਿੱਤ੍ਰ ਨਾਟਕ

(ਦਸ਼ਮੇਸ ਜੀ ਦੀ ਅਪਨੀ ਕਥਾ)

ਇਹ ਕਥਾ ਠੀਕ ੧੩ ਅਧਜਾਵਾਂ ਵਿਚ ਪ੍ਰਵਿਰਤ ਹੈ, ਕਈ ਵਿਦਵਾਨ ਇਸਨੂੰ *(ਆਟੋ ਬਾਇਓ ਗ੍ਰੈਫੀ) ਤੇ ਕਈ †(ਬਾਇਓ ਗ੍ਰੈਫੀ) ਮੰਨਦੇ ਹਨ। ਇਸਦੇ ਪਹਿਲੇ ਅਧਜਾਯ (ਪ੍ਰਵਿਰਤਕ ਨਾਮ ਦੂਜੇ) ਵਿਖੇ ੧੨ ਛੰਦ ਤੋਂ ੧੪ ਤਕ ਤੇ ੧੭ ਤੋਂ ੧੯ ਛੰਦ ਤਕ ਜਗਤ ਉਤਪਤੀ ਲਿਖੀ ਹੈ ਜੋ ਇਸਤਰਾਂ ਹੈ;

ਯਥਾ:—

"ਸਹਸ ਰਾਛ ਜਾਕੇ ਸੁਭ ਸੋਹੈ। ਸਹਸ ਪਾਦ ਜਾਕੇ ਤਨ ਮੋਹੈ ॥
ਸੇਖਨਾਗ ਪਰ ਸੋਇਬੋ ਕਰੈ। ਜਗ ਤਿਹ ਸੇਖ ਸਾਇ ਉਚਰੈ ॥੧੨॥
ਏਕ ਸ੍ਰਵਣ ਤੇ ਮੈਲ ਨਿਕਾਰਾ। ਤਾਂਤੇ ਮਧੁ ਕੈਟਭ ਤਨੁ ਧਾਰਾ ॥
ਦੁਤੀਯ ਕਾਨ ਤੇ ਮੈਲ ਨਿਕਾਰੀ॥ਤਾਂਤੇਭਈ ਸ੍ਰਿਸ੍ਰਿ ਇਹਸਾਰੀ॥੧੩॥
ਤਿਨਕੋ ਕਾਲ ਬਹੁਰ ਬਧ ਕਰਾ। ਤਿਨਕੋ ਮੇਦ ਸਮੁੰਦ ਮੋਂ ਪਰਾ ॥
ਚਿਕਨਤਾਸੁ ਜਲਪਰ ਤਿਰ ਰਹੀ॥ਮੇਧਾਨਾਮ ਤਬਹਿਤੇਕਹੀ॥੧੪॥"

ਇਤਜਾਦਿ ਉਤਪਤਿ ਪ੍ਰਕਰਣ, ਅਰ ਇਸਤੇ ਆਗੇ ਦੱਛ ਪ੍ਰਜਾ ਪਤੀ ਦੀ ਕਥਾ, ਦੇਵਤਿਆਂ ਅਤੇ ਰਾਖਸ਼ਾਂ ਦੀ ਉਤਪਤੀ ਦਾ

---

* ਜੋ ਜੀਵਨ, ਅਪਨੀ ਖ਼ੁਦ ਕਲਮ ਹੋਵੇ।

† ਇਤਹਾਸਕ ਜੀਵਨ, ਕਿਸੇ ਦੂਸਰੇ ਵਲੋਂ।

ਕਥਨ ਹੈ। ਫਿਰ ਰਘੁਬੰਸ ਦਾ, ਜਿਸਤੇ ਸੋਢੀ, ਬੇਦੀ ਉਤਪੰਨ ਹੋਏ
(ਅਧਯਾਯ ੨)

ਖਾਲਸਾ ਜੀ ! ਵਿਚਾਰੋ ਜੋ ਪੂਰਬੋਕਤ ਲਿਖਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਕਥਨ– "ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ" ਤੇ ਅਤਯੰਤ ਵਿਰੁਧ ਹੈ । ਪੁਨ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਵਾਕ "ਤੁਮਰਾ ਲਖਾ ਨ ਜਾਇ ਪਸਾਰਾ। ਕਿਹ ਬਿਧ ਸਜਾ ਪ੍ਰਥਮ ਸੰਸਾਰਾ" ਤੇ ਅਤਿ ਪ੍ਰਤਿਕੂਲ ਹੈ ॥ ਅਗੇ ਹੋਰ ਦੇਖੋ,ਯਥਾ:—

ਅੜਿਲ

ਬੇਦੀ ਭਯੋ ਪ੍ਰਸੰਨ ਰਾਜ ਕਹ ਪਾਇਕੈ ॥
ਦੇਤ ਭਯੋ ਬਰਦਾਨ ਹੀਐ ਹੁਲਸਾਇਕੈ ॥
ਜਬ ਨਾਨਕ ਕਲਮੈਂ ਹਮ ਆਨ ਕਹਾਇਂ ਹੈ ॥
ਹੋ ਜਗਤ ਪੂਜ ਕਰ ਤੋਹਿ ਪਰਮ ਪਦ ਪਾਇਂ ਹੈ ॥ ੭॥

ਚੌਪਈ

ਤ੍ਰਿਤੀਯ ਬੇਦ ਸੁਨਬੋ ਸੁਨ ਕੀਆ ॥
ਚਤੁਰ ਬੇਦ ਸੁਨ ਭੂਅ ਕੋ ਦੀਆ ॥
ਤੀਨ ਜਨਮ ਹਮਹੂੰ ਜਬ ਧਰਿ ਹੈ ॥
ਚੌਥੇ ਜਨਮ ਗੁਰੂ ਤੁਹਿ ਕਰਿ ਹੈ ॥੮॥

ਪੁਨਾ

"ਜਬ ਬਰਦਾਨ ਸਮੈ ਵੁਹ ਆਵਾ। ਰਾਮਦਾਸ ਤਵ ਗੁਰੂ ਕਹਾਵਾ ॥ ਤਿਹ ਬਰਦਾਨ ਪੁਰਾਤਨ ਦੀਆ । ਅਮਰਦਾਸ ਸੁਰ ਪੁਰ ਮਗ ਲੀਆ ॥ ੯ ॥" (ਅਧਯਾਯ ੫)

ਕਿਉਂ ਜੀ ! ਕੀ ਪੂਰਬੋਕਤ ਕਥਨ ਬਚਿੱਤ੍ਰ ਨਾਟਕ ਖਾਲਸਾ ਪੰਥ ਦੀ ਪੁਸ਼ਟੀ ਕਰਦਾ ਹੈ ? ਕਦਾਚਿੱਤ ਨਹੀਂ, ਕਿੰਤੂ ਹਾਨੀ ਕਰਦਾ ਹੈ । ਫਿਰ ਕਦ ਕਿਹਾ ਜਾ ਸਕਦਾ ਹੈ ਜੋ ਇਹ ਸਮੁਚੀ ਨਾਟਕ ਦੀ ਰਚਨਾਂ ਸ੍ਰੀ ਮੁਖਵਾਕ ਤੇ ਖੁਦ ਕਲਮ ਹੈ ?

ਭਾਸਦਾ ਹੈ ਕਿ ਇਹ ਉਪਰ ਦਸੇ ਪ੍ਰਸੰਗ ਅਨਮਿਲਤ

ਪਿਛੋਂ ਰਲਾਏ ਗਏ ਹਨ॥

ਪੁਨ:

ਬਚਿੱਤ੍ਰ ਨਾਟਕ ਦਾ ੧੪ ਅਧਜਾਯ ਛੰਦ ੩ ਤੋਂ ਅੰਤ ਪ੍ਰਯੰਤ ਚੰਡੀ ਚਰਿਤ੍ਰ ਦੂਜੇ ਦੀ ਭੂਮਿਕਾ ਸਾਫ ਪ੍ਰਗਟ ਹੈ। ਜਿਸਦਾ ਬਚਿੱਤ੍ਰ ਨਾਟਕ ਗ੍ਰੰਥ ਨਾਲ ਕੋਈ ਸਬੰਧ ਨਹੀਂ॥

ਯਾਂਤੇ

ਜਰੂਰੀ ਹੈ ਜੋ ਅਗੇ ਨੂੰ ਇਹ ਅਧਜਾਯ ਚੰਡੀ ਚਰਿੱਤ੍ਰ ਦੂਜੇ ਦੇ ਆਰੰਭ ਵਿਖੇ ਛਪਨਾ ਚਾਹੀਦਾ ਹੈ॥

(੩--੪--੫) ਚੰਡੀ ਚਰਿਤ੍ਰ ੧--੨ ਤੇ ਚੰਡੀ ਦੀ ਵਾਰ

ਇਸਦੇ ਪੜ੍ਹਨ ਤੋਂ ਸਾਫ ਪ੍ਰਗਟ ਹੈ ਕਿ ਇਹ ਕੇਵਲ "ਮਾਰਕੰਡੇ ਪੁਰਾਣ" ਵਿਚੋਂ * "ਦੁਰਗਾ ਸਪਤਸਤੀ" ਦਾ ਹੀ ਤਰਜਮਾ ਹੈ। ਇਸਤੋਂ ਵੱਧ ਸਬੂਤ ਲਈ ਦੇਖੋ ਇਨ੍ਹਾਂ ਹੀ ਰਚਨਾਂ ਦੇ ਅਸਲੀ ਪਾਠ; ਯਥਾ:-

(੧) ਰਚੋਂ ਚੰਡਕਾ ਕੀ ਕਥਾ।

(੨) ਭਾਖਾ ਸੁਭ ਸਭ ਕਰਹੋ ਧਰਹੋਂ ਕ੍ਰਿਤ ਮੈਂ।
ਅਦਭੁਤ ਕਥਾ ਅਪਾਰ ਸਮਝ ਕਰ ਚਿੱਤ ਮੈਂ॥

(੩) ਇਤਿ ਸ੍ਰੀ ਮਾਰਕੰਡੇ ਪੁਰਾਣੇ ਸ੍ਰੀ ਚੰਡੀ ਚਰਿਤ੍ਰ ਉਕਤ ਬਿਲਾਸ॥

(੪) ਕਉਤਕ ਹੇਤ ਕਰੀ ਕਵਿਨੈ **ਸਤ ਸੈ ਕੀ ਕਥਾ**

---

* ਮ੍ਰਿਗ ਕੁੰਡ ਰਿਸ਼ੀ ਦੇ ਬੇਟੇ ਮਾਰਕੰਡਯ ਦੇ ਰਚੇ ਹੋਏ ੧੩ ਅਧਜਾਵਾਂ ਦਾ ਨਾਮ ਲੋਕ ਪ੍ਰਸਿੱਧ ਦੁਰਗਾ ਸਪਤਸਤੀ (ਦੇਵੀ ਦਾ ਸੱਤ ਸੌ ਸਲੋਕ) ਹੈ, ਅਤੇ ਚੰਡੀ ਅਥਵਾ "ਦੁਰਗਾ ਪਾਠ" ਭੀ ਇਸੇ ਨੂੰ ਹੀ ਆਖਦੇ ਹਨ॥

ਯਹਿ ਪੂਰੀ ਭਈ ਹੈ ॥

(੫) **ਗ੍ਰੰਥ ਸਤਿਸਯਾ** ਕੋ ਕਰਿਓ ॥

(੬) ਦੁਰਗਾ ਪਾਠ ਬਨਾਯਾ ॥

ਕੀ ਆਪਣਾ ਉਪ੍ਰੋਕਤ ਪਾਠ ਪੜ੍ਹਕੇ ਭੀ, ਚੰਡੀ ਚਰਿਤ੍ਰ ਤੇ ਚੰਡੀ ਦੀ ਵਾਰ ਨੂੰ ਗੁਰੂ ਸਾਹਿਬ ਵਲੋਂ ਸਮਝਣਾ ਸਬੁੱਧਤਾ ਦੀ ਨਿਸ਼ਾਨੀ ਹੈ ?

ਵੀਰ ਜੀ ! ਕਲਗੀਧਰ ਸੁਆਮੀ ਜੀ ਨੇ ਪੰਜਾਬੀ ਵਿੱਦਯਾ ਦੇ ਲਿਟਰੇਚਰ ਨੂੰ ਸਰਬ ਅੰਗੋਂ ਪੂਰਣ ਕਰਨ ਲਈ ਸੰਸਕ੍ਰਿਤ ਵਾ ਯਵਨੀ ਭਾਸ਼ਾ ਵਿਚੋਂ ਗ੍ਰੰਥਾਂ ਦੇ ਉਲਥੇ ਕਰਵਾਏ ਤਾਂ ਕਿ ਸਿਖ ਕੌਮ ਅਸਾਨੀ ਨਾਲ ਹੀ ਅਨਮਤਾਂ ਤੋਂ ਸਭਤਰਾਂ ਜਾਣੂ ਹੋ ਜਾਵੇ ਤੇ ਐਸੇ ਪ੍ਰਸੰਗਾਂ ਤੋਂ ਉਪਦੇਸ਼ ਲੈ, ਦੀਨ ਦਸ਼ਾ ਨੂੰ ਛੱਡ, ਇੱਕ ਸੂਰ ਬੀਰ ਕੌਮ ਬਨ ਜਾਵੇ, ਪ੍ਰੰਤੂ ਸਾਡੇ ਭੋਲੇ ਭਾਈ ਐਸੇ ਭੁੱਲੇ ਜੋ "ਜਾਹਿ ਨਮਿੱਤ ਪੜ੍ਹੈ ਸੁਨ ਹੈ ਨਰੁ, ਸੋ ਨਿਸਚੈ ਕਰ ਤਾਹਿ ਦਈ ਹੈ" ਤੇ "ਫੇਰ ਨ ਜੂਨੀ ਆਯਾ ਜਿਨ ਇਹ ਗਾਇਆ" ਆਦਿ ਪਾਠ ਵੇਖਕੇ ਹੀ ਇਨ੍ਹਾਂ ਪਰ ਐਸੇ ਮੋਹਤ ਹੋਏ ਜੋ ਜਾਪ ਕਰਨਾ ਅਰੰਭ, ਸ੍ਰੀ ਕਲਗੀਧਰ ਜੀ ਨੂੰ ਦੇਵੀ ਭਗਤ ਥਾਪਕੇ, ਦੇਵੀ ਪੂਜਕ ਹੀ ਬਨ ਗਏ, ਤੇ ਦੂਜੇ ਭੋਲੇ ਭਰਾਵਾਂ ਨੂੰ ਦੱਸਨ ਲੱਗੇ ਜੋ ਗੁਰੂ ਸਾਹਿਬ ਨੇ ਦੁਰਗਾ ਪਾਠ ਦਾ—"ਫੇਰ ਨ ਜੂਨੀ ਆਯਾ ਜਿਨ ਇਹ ਗਾਇਆ"— ਕੈਸਾ ਉੱਤਮ ਮਹਾਤਮ ਦੱਸਿਆ ਹੈ । ਉਹ ਪੁਰਸ਼ ਇਹ ਨਹੀਂ ਜਾਣਦੇ ਜੋ ਇਹ ਤਾਂ ਮੂਲ ਪਾਠ ਦਾ ਹੀ ਉਲਥਾ ਹੈ ਗੁਰੂ ਸਾਹਿਬ ਵਲੋਂ ਨਹੀਂ ਹੈ, ਯਾਤੇ ਇਸ "ਚੰਡਕਾ ਕੀ ਕਥਾ" ਨੂੰ ਦਸਮੇਸ ਜੀ ਵਲੋਂ ਮੰਨਨਾਂ ਤੇ ਸਰਧਾ ਪੂਰਕ ਵਾ ਕਵਚਿ ਮੰਨਕੇ ਜਾਪ ਕਰਨਾ ਗੁਰਮਤ ਦੇ ਆਸ਼ੇ ਤੋਂ ਉਲਟ ਹੈ ॥

ਪ੫

ਕੀ ਐਸੀ ਰਚਨਾਂ ਨੂੰ ਗੁਰਬਾਣੀ ਮੰਨਨ ਵਾਲੇ ਤੇ ਮੰਨਕੇ ਸ੍ਰੀ ਗੁਰ ਗ੍ਰੰਥ ਜੀ ਸਮਾਨ ਤੁਲਤਾ ਦੇਨ ਵਾਲੇ ਵਾ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਬਰਾਬਰ ਮੰਜੀ ਦੇਨ ਵਾਲੇ ਅਥਵਾ ਇਸਦੇ ਪ੍ਰਚਾਰ ਨੂੰ ਜਿਉਂ ਦਾ ਤਿਉਂ ਕਾਇਮ ਰੱਖਨ ਵਾਲੇ ਸੱਜਨ ਧੰਨਜਤਾ ਯੋਗ ਹੋ ਸਕਦੇ ਹਨ, ਯਾ ਗੁਰਮੁਖ ਕਹਿਲਾ ਸਕਦੇ ਹਨ ?

(੬) ਗਯਾਨ ਪ੍ਰਬੋਧ

ਇਸ ਗਯਾਨ ਦਾਤਾ ਸ੍ਰੀ ਮੁਖਵਾਕ ਬਾਣੀ ਵਿਚ ਇਕ ਅਕਾਲ ਦੀ ਉਪਾਸ਼ਨਾਂ ਉਸਦੇ ਵਖੋ ਵਖ ਗੁਣਾਂ ਅਨੁਸਾਰ ਹੈ। ਇਹ ਬਾਣੀ ਆਰੰਭ ਤੋਂ ਲੈਕੇ ੧੨੫ ਅੰਕ ਤਕ ਅਪਨੇ ਆਪ ਵਿਚ ਸਰਬ ਪ੍ਰਕਾਰ ਪੂਰਣ ਜਾਪੁ ਸਾਹਿਬ ਵਤ ਇਕ ਵੱਖ ਬਾਣੀ ਹੈ। ਪ੍ਰੰਤੂ ਵਿਦਵਾਨਾਂ ਦੇ ਖਿਆਲ ਅਨੁਸਾਰ ਸਾਡੇ ਅਵਿੱਦਕ ਲਿਖਾਰੀਆਂ ਨੇ ਵਿੱਦਯਾ ਦੇ ਬਲ ਕਰਕੇ ਹਿੰਦੂ ਮਤ ਦੇ ਪੁਰਾਣਕ "ਦਾਨ ਧਰਮ ਦਰਪਣ" ਗ੍ਰੰਥ ਨੂੰ ਬੇਨਤੀ ਪਾ: ੧੦ ਵਤ, ਇਸ "ਗਯਾਨ ਪ੍ਰਬੋਧ" ਦੀ ਬਾਣੀ ਦੇ ਨਾਲ ਹੀ ਰਲਾ ਲਿਖਿਆ ਹੈ। ਅਸਲ ਵਿਚ ਇਸ ਹਿੰਦੂ ਮਤ ਦੇ "ਦਾਨ ਧਰਮ ਦਰਪਣ" ਗ੍ਰੰਥਦਾ ਆਰੰਭ ਪਾਧੜੀ ਛੰਦ ਤ੍ਵਪ੍ਰਸਾਦਿ॥ "ਦਿਨ ਅਜਬ ਏਕ ਆਤਮਾ ਰਾਮ" ਪ੍ਰਿਥਮ ਛੰਦ ਦ੍ਵਾਰਾ ਹੁੰਦਾ ਹੈ ਜਿਸਦਾ ਅੰਕ ਅਜਾਨ ਲਿਖਾਰੀਆਂ ਦੀ ਕ੍ਰਿਪਾ ਕਰਕੇ "ਦਸਮ ਗ੍ਰੰਥ" ਨਾਮੀ ਪੁਸਤਕ ਵਿਚ ੧੨੬ ਦਿਖਾਇਆ ਗਿਆ ਹੈ। ਸੋ ਇਸ ੧੨੬ ਅੰਕ ਤੋਂ ਆਰੰਭ ਹੋਈ ੨ ਬਾਣੀ ਦਾ ਇਸ ਗਯਾਨ ਪ੍ਰਬੋਧ ਦੀ ਬਾਣੀ ਨਾਲ ਉੱਕਾ ਹੀ ਕਾਈ ਸੰਬੰਧ ਨਹੀਂ॥

ਯਾਂਤੇ

ਜਰੂਰੀ ਹੈ ਜੋ ਸੋਧਕੇ ਅੱਗੇ ਨੂੰ ਇਸ ਸ੍ਰੀ ਮੁਖ ਵਾਕ "ਗਯਾਨ ਪ੍ਰਬੋਧ" ਦੀ ਬਾਣੀ ਨੂੰ ਹਿੰਦੂ ਮਤ "ਦਾਨ ਧਰਮ ਦਰਪਣ" ਗ੍ਰੰਥ ਨਾਲ ਰਲਾਕੇ ਨਾ ਛਾਪਨਾ ਚਾਹੀਏ, ਕਿਉਂਕਿ ਅਰੰਭ ਤੋਂ ਲੈਕਰ ੧੨੫ ਅੰਕ ਤਕ ਦੀ ਬਾਣੀ ਦਾ ਹੀ ਨਾਮ "ਗਯਾਨ ਪ੍ਰਬੋਧ" ਹੈ। ਇਸਤੋਂ ਅਗਲੀ ਰਚਨਾਂ ਦਾ "ਗਯਾਨ ਪ੍ਰਬੋਧ" ਦੇ ਨਾਮ ਹੇਠ ਪ੍ਰਚਾਰ ਕਰਨਾ ਸਖਤ ਭੁੱਲ ਹੈ ?

(੭) ਚੌਬੀਸ ਅਵਤਾਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਵਾਮੀ, ਖਾਲਸਾ ਕੌਮ ਨੂੰ ਵਿੱਦਯਾ ਨਿਪੁਣ ਕਰਨ ਲਈ ਤੇ ਪੰਜਾਬੀ ਦੇ ਭੰਡਾਰੇ ਨੂੰ ਸਰਬ ਵਿਦਯਾਂ ਸੇ ਭਰਪੂਰ ਕਰਨ ਲਈ, ਅਨੇਕ ਪ੍ਰਕਾਰ ਦੀ ਕਾਵ੍ਯ ਰਚਨਾਂ ਆਪ ਕਰਿਆ ਕਰਦੇ ਸਨ, ਅਤੇ ਬਵੰਜਾ ਕਵੀਆਂ ਤੋਂ ਕਰਵਾਯਾ ਕਰਦੇ ਸਨ, ਅਤੇ ਜਦ ਕੋਈ ਕਵੀ ਉਲਥਾ ਕਰਕੇ ਯਾ ਅਪਨੀ ਰਚਨਾਂ ਸ੍ਰੀ ਕਲਗੀ ਧਰ ਜੀ ਦੇ ਪੇਸ਼ ਕਰਦਾ ਸੀ ਤਾਂ ਆਪ ਉਸਨੂੰ ਆਦਿ ਤੋਂ ਅੰਤ ਤਕ ਪੜ੍ਹਕੇ ਯਾਂ ਸੁਨਕੇ ਉਸ ਪਰ ਅਪਨੀ ਵਲੋਂ ਰੁਚੀ ਅਨੁਸਾਰ ਆਰੰਭ ਵਿਚ ਯਾ ਮੱਧ ਵਿਚ ਅਥਵਾ ਅੰਤ ਪਰ, ਕਈ ਵੇਰ ਕਿਸੇ ਖਾਸ ਪ੍ਰਸੰਗ ਦੀ ਯਾ ਗ੍ਰੰਥ ਦੀ ਵੱਖੋ ਵੱਖ ਸੁਰਖੀਆਂ ਪਰ ਭੀ ਨੋਟ ਦਿਆ ਕਰਦੇ ਸਨ । ਸੋ ਇਸਤਰਾਂ ਪੰਜਾਬੀ ਖਜਾਨੇ ਨੂੰ ਸਭਤਰਾਂ ਭਰਪੂਰ ਕਰਨ ਦਾ ਯਤਨ ਕੀਤਾ ਪ੍ਰੰਤੂ ਉਹ ਸਭੇ ਪੁਸਤਕ ਆਨੰਦ ਪੁਰ ਦੀ ਪਿਛਲੀ ਲੜਾਈ ਵਿਚ ਦੁਸ਼ਮਨਾਂ ਦੇ ਹੱਥੋਂ ਚੰਡੀ ਦੀ ਭੇਟਾ ਤੇ ਕੁਝ ਜਲ ਪਰਵਾਹੇ ਗਏ ਜਿਨ੍ਹਾਂ ਵਿਚੋਂ ਅੱਜ ਅਸੀ "ਦਸਮ ਗ੍ਰੰਥ" ਨਾਮੀ ਪੁਸਤਕ ਵਿਚ ਕੁਝਕ ਸੰਗ੍ਰਹਿ ਕੀਤੇ ਹੋਏ ਵੇਖਦੇ ਹਾਂ। ਇਸ ਸੰਗ੍ਰਹਿ ਵਿਚ ਇਹ "ਚੌਬੀਸ ਅਵਤਾਰ" ਨਾਮੀ ਗ੍ਰੰਥ ਭੀ ਸ਼ਾਮਿਲ ਹੈ ॥

ਇਸ "ਚੌਬੀਸ ਅਵਤਾਰ" ਨਾਮੀ ਗ੍ਰੰਥ ਦੀ ਲੋੜ ਕੇਵਲ ਇਸ ਵਾਸਤੇ ਪਈ ਜੋ ਖਾਲਸਾ ਕੌਮ ਇਸਨੂੰ ਵਿਚਾਰਕੇ ਝਬਦੇ ਹੀ ਹਿੰਦੂਆਂ ਦੇ ੨੪ ਅਵਤਾਰਾਂ ਦੇ ਗੁਣਾਂ ਤੇ ਕਰਮ ਆਦਿ ਤੋਂ ਗਯਾਤ ਹੋ ਜਾਵੇ ਤਾਂਕਿ ਮੁੜ ਉਨ੍ਹਾਂ ਨਾਮ ਧਰੀਕ ਪ੍ਰਮੇਸ਼੍ਵਰਾਂ ਦੇ ਮਗਰ ਲੱਗਕੇ ਸਿੱਖੀ ਧਰਮ ਤੋਂ ਉਲਟ ਵਰਤੋਂ ਕਰਨੇ ਕਰ ਮਨਮੁਖ ਨ ਹੋ ਜਾਵੇ। ਇਸਤੋਂ ਬਿਨਾਂ ਇਤਹਾਸਕ ਪ੍ਰਸੰਗ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਅਵਤਾਰਾਂ ਦਾ ਇਸ਼ਾਰੇ ਮਾਤ੍ਰ ਹੈ ਉਹ ਪ੍ਰਸੰਗ ਅਨੁਸਾਰ ਪੂਰਣ ਸਮਝ ਵਿਚ ਆ ਜਾਵੇ । ਸੋ ਇਸ ਗ੍ਰੰਥ ਦ੍ਵਾਰਾ ਹਿੰਦੂਆਂ ਦੇ ਚੌਬੀਸ ਅਵਤਾਰਾਂ ਦੇ ਵਖੋ ਵਖ ਜੀਵਨ ਦਾ

ਝਲਕਾਰਾ ਦੇਕੇ ਉਨ੍ਹਾਂ ਦੇ ਅਵਤਾਰ ਪਣੇ ਦੇ ਅਸਲੀ ਪੋਲ ਨੂੰ ਸਾਡੇ ਸਾਹਮਣੇ ਖੋਹਲਕੇ ਰਖ ਦਿੱਤਾ ਹੈ, ਅਤੇ ਗ੍ਰੰਥ ਦੇ ਆਰੰਭ ਵਿਚ ਅੰਕ ੩੬ ਤਕ ਦੇ ਅਪਨੇ ਮੰਗਲ ਦ੍ਵਾਰਾ ਸਭ ਨਾਮ ਧਰੀਕ ਪ੍ਰਮੇਸ੍ਵਰੋਂ ਕੋ ਖੰਡਨ ਕਰਕੇ ਇਕ ਅਕਾਲ ਪੁਰਖ ਕੋ ਹੀ ਸਿੱਧ ਕੀਤਾ ਹੈ ॥

ਹੁਣ ਇੱਥੇ ਅਸੀ ਹਿੰਦੂ ਮਤ ਦੇ ਚੌਬੀਸ ਅਵਤਾਰਾਂ ਦੀ ਕਥਾ ਨੂੰ ਜੋ ਇਸ ਗ੍ਰੰਥ ਵਿਚ ਵਿਸਥਾਰ ਨਾਲ ਦਰਜ ਹੈ, ਸੰਕੇਤ ਕਰਕੇ ਲਿਖਨਾਂ ਜੋਗ ਸਮਝਦੇ ਹਾਂ ਤਾਂ ਕਿ ਸਾਡੇ ਭੋਲੇ ਭਰਾ ਜੋ ਇਸ ਰਚਨਾਂ ਦੀ ਗੁਰਬਾਣੀ ਮੰਨਕੇ ਮੰਨਤਾ ਕਰਦੇ ਹਨ, ਇਸਤੋਂ ਬਾਜ਼ ਆਜਾਨ ਤੇ ਪੜ੍ਹਕੇ ਨਿਸਚਯ ਕਰ ਲੈਂਨ ਜੋ ਇਹ ਠੀਕ ਸਬਦੀ ਸਭ ਉਲਥਾ ਅਥਵਾ ਤਰਜਮਾ ਰੂਪ ਹੈ। ਸੋ ਉਨ੍ਹਾਂ ਚੌਬੀਸ ਅਵਤਾਰਾਂ ਦੀ ਲੀਲ੍ਹਾ ਅਥਵਾ ਉਲਥਾ ਰੂਪ ਸੰਖੇਪ ਕਥਾ (ਜਿਨ੍ਹਾਂ ਵਿਚੋਂ ਇਹ ਦਸ ਅਵਤਾਰ ਸ੍ਰੇਸ਼ਟ ਮੰਨੇ ਗਏ ਹਨ:- ੧. ਮੱਛ, ੨. ਕੱਛ, ੩. ਵੈਰਾਹ, ੪. ਨਰਸਿੰਘ, ੫. ਬਾਵਨ, ੬. ਪਰਸਰਾਮ, ੭. ਰਾਮਚੰਦ੍ਰ, ੮. ਕਿਸ਼ਨ, ੯. ਬੁੱਧ, ੧੦. ਕਲਕੀ) ਇਸਤਰਾਂ ਹੈ ਤੇ ਇਹ ਵਿਸ਼ਨੂੰ ਭਗਵਾਨ ਦੇ ੨੪ ਅਵਤਾਰ ਦਸੀ ਦੇ ਹਨ ॥

ਯਥਾ:-

(੧) ਮੱਛ ਅਵਤਾਰ ਦਾ ਸੰਖਾਸੁਰ ਨੂੰ ਵਡਾ ਜੁੱਧ ਕਰਕੇ ਮਾਰਣਾਂ ਤੇ ਬੇਦਾਂ ਦਾ ਉਧਾਰ ਕਰਨਾ ਹੈ। ਯਥਾ:-

"ਸੰਖਾਸੁਰ ਮਾਰੇ ਬੇਦ ਉਧਾਰੇ,
ਸ਼ੱਤ੍ਰਿ ਸੰਘਾਰੇ ਜਸ ਲੀਨੋ" ॥

(੨) ਸਮੁੰਦ੍ਰ ਮਥਨ ਵੇਲੇ ਬਿਸ਼ਨ ਨੇ ਕੱਛਪ ਰੂਪ ਧਾਰਨਾ ਤੇ ਫਿਰ ਪਰਬਤ ਚੁਕ ਕੇ ਸਮੁੰਦਰ ਲਈ ਮਧਾਣੀ ਦਾ ਆਸਰਾ ਬਨਨਾਂ ॥

(੩-੪-੫) ਸਮੁੰਦ੍ਰ ਵਿੱਚੋਂ ੧੪ ਰਤਨ ਕੱਢਨ ਸਮੇਂ ਮੋਹਣੀ ਰੂਪ ਹੋਕੇ ਦਾਨੋਂ ਤੇ ਦੈਵਾਂ ਦਾ ਫੈਸਲਾ ਕਰਨਾ, ਪ੍ਰੰਤੂ ਮੋਹਣੀ ਰੂਪ ਧਾਰਨ ਤੋਂ ਪ੍ਰਿਥਮ "ਨਰ ਨਾਰਾਇਣ" ਰੂਪ ਭੀ ਇਸੀ ਸਮੇਂ

ਧਾਰਕੇ ਸੰਗ੍ਰਾਮ ਕਰਨਾ ਅਤੇ ਰਤਨਾਂ ਦੀ ਵੰਡ ਮਹਾਂ ਮੋਹਨੀ ਰੂਪ ਹੋਕੇ ਦੇਵਾਂ ਤੇ ਦੈਤਾਂ ਨੂੰ ਕਰਨੀ। ਇਸਨੂੰ ਵੇਖ ਸਭ ਦਾ ਮੋਹੇ ਜਾਨਾ ਤੇ "ਮੋਹਨੀ ਰੂਪ" ਨੇ ਜੋ ਚੀਜ਼ ਜਿਸਨੂੰ ਚਾਹੀ ਦੇ ਦਿਤੀ, ਪਾ:— "ਧਰਯੋ ਐਸ ਸ੍ਰੀ ਬਿਸ਼ਨ ਅਵਤਾਰੰ"॥

(੬) ਵਿਸ਼ਨੂੰ ਨੇ ਵੈਰਾਹ ਰੂਪ ਧਾਰਕੇ ਬੇਦ ਛੁਡਾਨਾ ਲਿਖਾ ਹੈ॥

(੭) ਨਰਸਿੰਘ ਅਵਤਾਰ ਹੋਕੇ ਪ੍ਰਹਲਾਦ ਦੀ ਰੱਖਜਾ ਕਰਨਾ ਤੇ "ਹਿਰਨਾਕਸ਼ ਰਾਇ" ਦਾ ਸੰਘਾਰ ਕਰਨਾ॥

(੮) ਬਾਵਨ ਰੂਪ ਧਾਰਕੇ "ਅਢਾਈ ਪੈਰ" ਪ੍ਰਿਥਮੀ ਮਾਂਗਨਾ ਤੇ ਬਲ ਰਾਜਾ ਕੋ ਛਲਨਾ ਹੈ॥

(੯) ਪਰਸਰਾਮ ਦਾ ਛੱਤ੍ਰੀਆਂ ਨੂੰ ਇਕੀ ਵੇਰ ਨਾਸ ਕਰਨਾ ਹੈ॥

(੧੦) ਬ੍ਰਹਮਾਂ ਦਾ ਅਵਤਾਰ ਧਾਰਕੇ ਜਗਤ ਵਿਖੇ ਬੇਦ ਪ੍ਰਚੁਰ ਕਰਨੇ ਤੇ ਸ਼ਾਸਤ੍ਰ ਸਿੰਮ੍ਰਿਤਿ ਰਚਕੇ ਲੋਗੋਂ ਕੋ ਇਨਮੇਂ ਲਗਾ ਕਰ ਕਰਮ ਕਾਂਡੀ ਬਨਾਨਾਂ ਹੈ॥

(੧੧) ਰੁੱਦਰ ਦਾ, ਇਕ ਦੈਂਤ ਦਾ ਨਾਸ ਕਰਨਾ, ਦੱਛ ਰਾਜਾ ਸੇ ਜੰਗ ਤੇ ਗਿਰਜਾ ਦਾ ਬਰਨਾ ਹੈ॥

(੧੨) ਜਲੰਧਰ ਅਵਤਾਰ ਧਾਰਨਾ ਤ੍ਰਿਯਾ ਹੇਤ, ਬ੍ਰਿੰਦਾ ਇਸਤ੍ਰੀ ਦਾ ਬਿਸ਼ਨੂੰ ਜੀ ਨੇ ਸਤਿਟਾਰਨਾ ਤੇ ਸ਼ਿਵਦਾ ਜਿਤਾਨਾ ਹੈ॥

(੧੩—੧੪) ਬਿਸ਼ਨ ਅਵਤਾਰ ਧਾਰਕੇ ਮਧਕੈਟਭ ਆਦਿ ਦੈਤੋਂ ਦਾ ਬਧ ਕਰਨਾ ਹੈ॥

(੧੫) ਅਰਹੰਤ ਦੇਵ ਅਵਤਾਰ ਹੋਕੇ ਦੈਤੋਂ ਕੋ ਯਗਯ ਕਰਨੇ ਸੇ ਰੋਕਨਾਂ ਅਤੇ ਸ੍ਰਾਵਗ ਮਤ ਕੋ ਪ੍ਰਚਾਰ ਕਰਨਾ ਪੁਨਾ ਪ੍ਰਮੇਸੁਰ ਕਰਤਾ ਕੋ ਭੁਲਾਕੇ ਇਸ ਹੇਠਲੇ ਅਸੂਲ ਪਰ ਚਲਾਨਾਂ ਲਿਖਾ ਹੈ:—

ਦੋਹਰਾ

'ਅੰਨ ਅੰਨ ਤੇ ਹੋਤ ਹੈ, ਘਾਸ਼ ਘਾਸ ਤੇ ਹੋਇ।

ਤੈਸੇ ਮਨੁੱਖ ਮਨੁੱਖ ਤੇ ਅਵਰ ਨ ਕਰਤਾ ਕੋਇ ॥

(੧੬) ਮਨੁਰਾਜ ਅਵਤਾਰ ਹੋਕੇ ਸ੍ਰਾਵਗ ਮਤ ਕੋ ਨਾਸ ਕਰਨਾ ਤੇ ਸਿੰਮ੍ਰਿਤਿ ਆਦਿ ਸ਼ਾਸਤ੍ਰਾਂ ਨੂੰ ਫਿਰ ਪ੍ਰਚੁਰ ਕਰਨਾ ਤੇ ਲੋਕਾਂ ਨੂੰ ਇਨਕੇ ਭੀਤਰ ਲਗਾਨਾ ਹੈ ॥

(੧੭) ਧਨੰਤ੍ਰ ਵੈਦ ਹੋਕੇ "ਆਯੁਰ ਵੈਦ" ਕੋ ਪ੍ਰਕਾਸ਼ ਕਰਨਾ ਹੈ ॥

(੧੮) ਸੂਰਜ ਅਵਤਾਰ ਧਾਰਕੇ ਅੰਧਕਾਰ ਕੋ ਨਾਸ਼ ਕਰਨਾ ਤੇ ਲੋਗੋਂ ਕੋ ਗਾਇਤ੍ਰੀ, ਸੰਧਜਾ, ਤਰਪਣ ਵਾ ਜੱਗ ਧੂਪ ਦੀਪ ਹੋਮ ਤੇ ਪਿਤ੍ਰਿ ਆਦਿ ਕਰਮਾਂ ਵਿਚ ਲਗਾਨਾਂ ਹੈ ॥

(੧੯) ਚੰਦ੍ਰ ਅਵਤਾਰ ਕ੍ਰਿਸਹਿਤ ਖਾਸ ਕਰਕੇ ਇਸਤ੍ਰੀਆਂ ਹਿਤ ਹੀ ਹੂਆ ਹੈ ਕਿਉਂਕਿ "ਕਾਮਨਿ ਕਾਮ ਕਹੂੰ ਨ ਸੰਤਾਵੈ" ਕਰਕੇ ਇਸਤ੍ਰੀਆਂ ਅਪਨੇ ਪਤੀ ਦੀ ਸੇਵਾ ਨਹੀਂ ਕਰਦੀਆਂ ਸਨ ਤਦ ਬਿਸ਼ਨ ਨੇ ਚੰਦ੍ਰ ਅਵਤਾਰ ਧਾਰਜਾ; ਯਥਾ:-

"ਧਰਯੋ ਸੁ ਚੰਦ੍ਰ ਅਵਤਾਰ ॥ ਸੁਭ ਮਹਾਂ ਤੇਜ ਮੁਰਾਰ ॥
ਤਨਕੈ ਮਦਨ ਕੋ ਬਾਨ ॥ ਮਾਰਿਯੋ ਤ੍ਰਿਯਨ ਕੋ ਤਾਨ ॥੪॥
ਤਾਂਤੇ ਭਈ ਤ੍ਰਿਯ ਦੀਨ ॥ ਸਭ ਗਰਬ ਹ੍ਵੈ ਗਯੋ ਛੀਨ ॥
ਲਾਗੀ ਕਰਨ ਪਤਿ ਸੇਵ॥ਯਾਂਤੇ ਪ੍ਰਸਿੰਨ ਭਏ ਦੇਵ॥੧੦॥"

ਅੰਤ ਖੁਦ ਹੀ ਗੋਤਮ ਰਿਖੀ ਦੀ ਇਸਤ੍ਰੀ ਅਹਲਜਾ ਦੇ ਬਿਭਚਾਰ ਕਰਮ ਵਿਖੇ ਸਹਾਇਕ ਹੋਨੇ ਕਰ ਕਲੰਕਿਤ ਹੋਕੇ ਘਟਨ ਬਢਨ ਦਾ ਸਰਾਪੀ ਹੂਆ ਲਿਖਾ ਹੈ ॥

ਨੋਟ

ਚੰਦ੍ਰਮਾਂ ਦੇ ਘਟਨ ਵਧਨ ਵਾਲੇ ਸਵਾਲ ਨੂੰ ਇਸ ਪੁਰਾਣਕ ਪ੍ਰਸੰਗ ਨਾਲ ਰਲਾਨਾਂ ਭੀ ਅਸਚਰਜਤਾ ਵਿਚ ਪਾਉਂਦਾ ਹੈ ॥

(੨੦) ਰਾਮਾਵਤਾਰ

ਇਹ ਰਾਮਾਵਤਾਰ ਰਾਮਾਇਣ ਦਾ ਉਲਥਾ ਹੈ ਜੈਸਾ ਕਿ ਇਸਦੇ ਅੰਤ ਪਰ ਲਿਖਾ ਹੈ—"ਇਤਿ ਸ੍ਰੀ ਰਾਮਾਇਣ ਸਮਾਪਤ" ਇਸ ਵਿਚ ਇਹ ਹੇਠ ਲਿਖੀ ਕਥਾ ਹੈ:—

(ੳ) ਰਾਜਾ ਦਸਰਥ ਰਾਇ ਸੇ ਅਚਾਨਕ ਦਿਜਸੁਤ "ਸ੍ਰਵਣ" ਦਾ ਘਾਤ ਹੋਨਾ ਜਿਸ ਪਰ ਉਸਦੇ ਅੰਧਲੇ ਮਾਤਾ ਪਿਤਾ ਨੇ ਦਸਰਥ ਰਾਇ ਕੋ ਇਹ ਸਰਾਪ ਦੇਨਾ;

ਯਥਾ:—

"ਜਿਮ ਤਜੇ ਪ੍ਰਾਣ ਦ੍ਵਿਜ ਸੁਤ ਬਿਛੋਹ ॥
ਤਿਮ ਲਗੇ ਸ੍ਰਾਪ ਸੁਨ ਭੂਪਿ ਤੋਹ ॥
ਇਮ ਭਾਖ ਜਰਿਯੋ ਦ੍ਵਿਜ ਸਹਤ ਨਾਰਿ ॥
ਤਜ ਦੇਹ ਕੀਯੋ ਸੁਰ ਪੁਰ ਬਿਹਾਰ ॥੩੫॥"

ਪਸਚਾਤ ਦੇਵ ਬਾਣੀ ਅਨੁਸਾਰ ਦਸਰਥ ਰਾਇ ਦੇ ਘਰ ਰਾਮ ਚੰਦ੍ਰ ਜੀ ਨੇ ਅਵਤਾਰ ਲੈਨਾਂ ਤੇ ਸੁਬਾਹੂ ਮ੍ਰੀਚ ਕੋ ਸੰਘਾਰਕੇ ਜੱਗ ਕੋ ਸੰਪੂਰਣ ਕਰਨੇ ਦਾ ਪ੍ਰਸੰਗ ਹੈ॥

(ਅ) ਸੀਤਾ ਸੁਯੰਬਰ ਦਾ ਪ੍ਰਸੰਗ ਲਿਖਕੇ ਸੌਤੇਲੀ ਮਾਤਾ ਕੇਕਈ ਦੇ ਦਸਰਥ ਰਾਇ ਥੋਂ ਦ੍ਵੈ ਵਰ ਮੰਗਨ ਪਰ ਰਾਇ ਦਾ "ਸ੍ਰੀ ਰਘੁਬੀਰ ਬਿਯੋਗ" ਵਿਚ ਮਰਨਾ ਤੇ ਰਾਮਚੰਦ੍ਰ ਦੇ ਬਨੋਬਾਸ ਨੂੰ ਜ਼ਾਨ ਸਮਯ ਸੀਤਾ ਦਾ ਰਾਮ ਸੋ ਇਹ ਬਚਨ ਕਰਨਾ ਹੈ;

ਯਥਾ:—ਸੋਰਠਾ

"ਮੈਂ ਨ ਤਜੋ ਪੀਯ ਸੰਗ ਕੈਸੋ ਹੀ ਦੁਖ ਜੀਅ ਪੈ ਪਰੋ ॥
ਤਨਕ ਨ ਮੋਰੋ ਅੰਗ ਅੰਗ ਤੇ ਹੋਇ ਅਨੰਗ ਕਿਨ ॥੨੪੬॥"

ਪੁਨਃ ਪਿਤ ਆਗਜਾ ਕੇ ਬਚਨ ਅਨੁਸਾਰ ਸੀਯਾ ਤੇ ਲਛਮਣ ਸਮੇਤ ਰਾਮਚੰਦ੍ਰ ਜੀ ਦਾ ਗ੍ਰਹਿ ਤਜਨਾਂ ਹੈ॥

(ੲ) ਬਿਰਾਧ ਆਦਿ ਦਾਨਵ ਕੋ ਮਾਰਨਾ ਤੇ ਬਨਮੇਂ ਪ੍ਰਵੇਸ਼ ਕਰਕੇ ਸਰੂਪਨਖਾ ਦਾ ਨੱਕ ਕਾਟਣਾਂ, ਜਿਸ ਪਰ ਰਾਵਣ

ਨੇ ਬਨ ਵਿਚੋਂ ਸੀਤਾ ਨੂੰ ਚੁਰਾਣਾ ਹੈ, ਜਿਸਦਾ ਪਤਾ ਰਾਮ (ਰੱਬ) ਕਹਾਕੇ ਬੀ ਨ ਪਾ ਸਕੇ ਕਿ ਕੌਣ ਲੈਗਿਆ ਹੈ, ਅਤੇ ਇਸ ਰਾਵਣ ਦੇ ਮਾਇਕੀ ਜਾਲ ਵਿਚ ਭੀ ਫਸਨੋਂ ਨਾ ਬਚ ਸਕੇ। ਬਲਕਿ ਸੀਤਾ ਦੇ ਵਿਯੋਗ ਵਿਚ ਐਸੀ ਬਿਆਕੁਲ ਦਸ਼ਾ ਹੋਈ ਜੋ ਇਸ ਅਗਲੀ ਕਵਿਤਾ ਤੋਂ ਸਾਫ਼ ਜ਼ਾਹਿਰ ਹੈ—

ਯਥਾ:—ਤੋਟਕ ਛੰਦ

"ਰਘੁਨਾਥ ਹਰੀ ਸੀਯ ਹੇਰ ਮਨੈ । ਗਹਿ ਬਾਨ ਸਿਲਾ ਸਿਤ ਸੱਜ ਧਨੈ ॥ ਚਹੂੰ ਓਰ ਸੁਧਾਰ ਨਿਹਾਰ ਫਿਰੇ। ਛਿਤ ਊਪਰ ਸ੍ਰੀ ਰਘੁਬੀਰ ਗਿਰੇ ॥ ੩੫੬ ॥ ਲਘੁਬੀਰ ਉਠਾਇ ਸੁ ਅੰਕ ਭਰੇ। ਮੁਖ ਪੋਂਛ ਤਬੈ ਬਚਨਾ ਉਚਰੇ ॥ ਕਸ ਅਧੀਰ ਪਰੇ ਪ੍ਰਭੁ ਧੀਰ ਧਰੋ। ਸੀਯ ਜਾਇ ਕਹਾਂ ਤਿਹ ਸੋਧ ਕਰੋ ॥ ੩੫੭ ॥ ਉਠ ਠਾਢ ਭਏ ਫਿਰ ਭੂੰਮ ਗਿਰੇ। ਪਹਿਰੇਕਕ ਲਉ ਫਿਰ ਪ੍ਰਾਨ ਫਿਰੇ ॥ ਤਨ ਚੇਤ ਸੁਚੇਤ ਉਠੇ ਹਰਿਯੋਂ। ਰਣਮੰਡਲ ਮੱਧ ਗਿਰਿਯੋ ਭਟ ਜਯੋ ॥ ੩੫੮ ॥ ਚਹੂੰ ਓਰ ਪੁਕਾਰ ਬਕ੍ਰਾਰ ਥਕੇ । ਲਘੁ ਭ੍ਰਾਤ ਭਏ ਬਹੁ ਭਾਂਤ ਝਥੇ ॥ ਉਠਕੈ ਪੁਨ ਪ੍ਰਾਤ ਸਨਾਨ ਗਏ। ਜਲਜੰਤ ਸਬੈ ਜਰਿ ਛਾਰੁ ਭਏ ॥ ੩੫੯ ॥ "ਬਿਰਹੀ" ਜਿਹ ਓਰ ਸੁ ਦ੍ਰਿਸ਼ਟ ਧਰੈ । ਫਲ ਫੂਲ ਪਲਾਸ ਅਕਾਸ ਜਰੈ ॥ ਕਰ ਸੋਂ ਧਰ ਜੌਨ ਛੁਅੰਤ ਭਈ। ਕਚ ਬਾਸਨ ਜਿਉਂ ਪਕ ਫੂਟ ਗਈ ॥ ੩੬੦ ॥ ਜਿਹ ਭੂੰਮ ਥਲੀ ਪਰ ਰਾਮ ਫਿਰੇ ।' ਦਵ ਜਿਉਂ ਜਲ ਪਾਤ ਪਲਾਸ ਗਿਰੇ ॥ ਤੁਟ ਆਂਸੂ ਅਰਣ ਨੈਨ ਝਰੀ। ਮਨੋ ਤਾਤ ਤਵਾ ਪਰ ਬੂੰਦ ਪਰੀ ॥ ੩੬੧॥ ਤਨ ਰਾਘਵ ਭੇਟ ਸਮੀਰ ਜਰੀ। ਤਜ ਧੀਰ ਸਰੋਵਰ ਮਾਝ ਦੁਰੀ ॥ ਨਹਿ ਤੱਤ੍ਰ ਥਲੀ ਸਤ ਪੱਤ੍ਰ ਰਹੇ। ਜਲਜੰਤ ਪਰ ਤ੍ਰਿਣ ਪੱਤ੍ਰ ਦਹੇ ॥ ੩੬੨॥"

(ਸ) ਅੰਤ ਹਨੂਮਾਨ ਕਪੀਸ਼ੂਰ ਨੇ ਖੋਜ ਕਰਕੇ ਪਤਾ ਦੇਵਨਾ ਤੇ ਤਿਸਦੀ ਹੀ ਮਦਦ ਸੋਂ ਲੰਕਪਤੀ ਸੋਂ ਯੁਧ ਕਰਨਾ ਤੇ

ਜੰਗ ਵਿਚ ਲਛਮਣ ਜੀ ਦੀ ਮੂਰਛਾ ਪਰ ਰੋਦਨ ਕਰਨਾ ਲਿਖਾ ਹੈ। ਫਿਰ ਹਨੂਮਾਨ ਨੇ ਬੂਟੀ ਲਿਆਕੇ ਲਛਮਣ ਕੋ ਸੁਰਜੀਤ ਕਰਨਾ ਤੇ ਲੰਕਪਤੀ ਕੋ ਮਾਰਕੇ ਸੀਤਾ ਨੂੰ ਨਾਲ ਲੈਕੇ ਘਰ ਵਾਪਸ ਆਵਨ ਦਾ ਪ੍ਰਸੰਗ ਹੈ ॥

(ਹ) ਅਧਯਾਯ ਬੀਸ ਵਿਚ ਸੀਤਾ ਜੀ ਕੋ ਗਰਭਵਤੀ ਦੀ ਹਾਲਤ ਵਿਚ ਅਚਾਨਕ ਬਨਬਾਸ ਦੇਣਾ ਲਿਖਾ ਹੈ, ਤੇ ਜੰਗਲ ਵਿਚ ਇਕ ਹੋਰ ਪੁਤ੍ਰ ਉਸੀ ਨੁਹਾਰ ਦਾ ਮੁਨੀ ਨੇ ਕੁਸ਼ਾ ਤੋਂ ਬਨਾਕੇ ਸੀਤਾ ਨੂੰ ਦੇਨਾਂ ਲਿਖਾ ਹੈ ॥

ਯਥਾ:—ਭੁਜੰਗ ਪ੍ਰਯਾਤ

"ਕੁਸ਼ਾ ਹਾਥ ਲੈਕੇ ਰਚਯੋ ਏਕ ਬਾਲੰ ॥
ਤਿਸੀ ਰੂਪ ਰੰਗੰ ਅਨੂਪੰ ਉਤਾਲੰ ॥ ੭੨੭ ॥ +++
ਕ੍ਰਿਪਾ ਮੋਨਿ ਰਾਜੰ ਘਨੀ ਜਾਨ ਕੀਜੋ।
ਦੁਤੀ ਪੁੱਤ੍ਰ ਤਾਂਤੇ ਕ੍ਰਿਪਾ ਜਾਨ ਦੀਜੋ ॥੭੨੮॥"

ਨੋਟ

ਮੁਨੀ ਦਾ ਕੁਸ਼ਾ ਤੋਂ ਪੁਤ੍ਰ ਉਤਪਤ ਕਰਨਾ ਸ੍ਰਿਸ਼ਟੀ ਦੇ ਨਿਯਮੋਂ ਉਲਟ ਹੈ ਤੇ ਸੀਯਾ ਦਾ ਉਸੇ ਪੁਤ੍ਰ ਨੂੰ ਮੰਗਨਾਂ ਕੁਝ ਭ੍ਰਾਂਤੀ ਵਿਚ ਡਾਲਦਾ ਹੈ ?

(ਕ) ਅਧਯਾਇ ੨੨ ਅੰਕ ੮੦੫ਸੇ ੮੧੯ਤਕ ਅਸਚਰਜ ਪ੍ਰਸੰਗ ਹੈ, ਇਸ ਪ੍ਰਸੰਗ ਸੇ ਸਾਬਤ ਹੈ, ਕਿ ਸ੍ਰੀ ਰਾਮਚੰਦ੍ਰ ਜੀ ਨੇ ਰਾਜਸੂ ਜੱਗ ਲਈ ਘੋੜਾ ਛੱਡਿਆ, ਜਿਸਨੂੰ ਓਹਨਾਂ ਦੇ ਬਨਵਾਸੀ ਪੁਤ੍ਰ ਲਵ, ਤੇ ਕੁਸ਼ੂ ਨੇ ਪਕੜ ਲੀਤਾ ਜਿਸ ਪਰ ਲਛਮਨ, ਭਰਤ, ਹਨਵੰਤ ਆਦਿ ਸਾਰੇ ਸੈਨਾਪਤਿ ਸੈਨਾਂ ਸਨੇ ਕੇਵਲ ਦੋ ਬਾਲਾਂ ਨੇ ਮੂਰਛਾ ਕੀਤੇ, ਅੰਤ ਨੂੰ ਅੰਕ ੮੦੫ ਸੇ ਸਾਬਤ ਹੈ ਜੋ ਕੱਲਾ ਰਾਮ ਹੀ ਰਿਹਾ, ਜਿਸਨੇ ਤ੍ਰਿਕਾਲਦਰਸੀ ਹੋਣ ਦੀ ਸਿਫਤ ਦਵਾਰਾ ਭੀ ਸਾਹਮਣੇ ਆਏ ਅਪਨੇ ਪੁਤ੍ਰਾਂ ਨੂੰ ਨਹੀਂ ਸਿਆਤਾ, ਔਰ ਅੰਕ ੮੧੧ ਦਵਾਰਾ ਪੁਛਨ ਤੋਂ ਪਤਾ ਹੋਨ ਪਰ ਭੀ ਲੜਨਾ ਆਰੰਭ ਕੇ ਮੂਰਛਾ

ਹੂਏ। ਤਦ ਅੰਕ ੮੧੯ ਮੈਂ ਸੀਤਾ ਨੇ ਉਪਰਲੀ ਸੈਨਾ ਮਾਰੀ ਪਿਛੋਂ ਪੁਤ੍ਰਾਂ ਨੂੰ ਆਖਿਆ ਕਿ ਤੁਮਨੇ ਮੁਝਕੋ ਬਿਧਵਾ ਕਰ ਦਿਤਾ॥

ਪੁਨ:

ਅਧਜਾਏ ੨੩ ਅੰਕ ੮੨੦ ਸੇ ੮੨੮ ਤਕ ਸਾਬਤ ਹੈ ਕਿ ਸੀਤਾ ਨੇ ਅਪਨੇ ਪਤਿਬ੍ਰਤ ਧਰਮ ਦੇ ਪਰਤਾਪ ਸਭ ਨੂੰ ਜੀਵ ਦਾਨ ਦੀਆ ਅਤੇ ਅੰਕ ੮੨੫ ਸੇ ਸੀਤਾ ਪਰ ਸੇ ਪਤਿਧਰਮ ਭੰਗ ਹੋਣ ਦਾ ਕਲੰਕ ਦੂਰ ਹੂਆ ਤੇ ਸਤੀ ਮਾਨੀ ਗਈ॥

(ਖ) ਅਧਜਾਇ ੨੪ ਅੰਕ ੮੪੪ਸੇ ੮੫੦ਤਕ ਲਿਖਾ ਹੈ ਕਿ ਇਕ ਰੋਜ ਸੀਤਾਜੀ ਨੇ ਸੁਤੇ ਹੀ ਰਾਵਣ ਦੀ ਮੂਰਤੀ ਦੀਵਾਰ ਪਰ ਲਿਖੀ ਜਿਸ ਮੂਰਤ ਨੂੰ ਸ੍ਰੀ ਰਾਮਚੰਦ੍ਰ ਜੀਨੇ ਦੇਖ ਕਰ ਸੀਤਾ ਜੀ ਪਰ ਖਿਆਲ ਕੀਤਾ ਕਿ ਇਸਦੀ ਕੁਛਕ ਰਾਲ ਪਾਲ ਰਾਵਣ ਨਾਲ ਜ਼ਰੂਰ ਹੋਗੀ। ਜਿਸ ਪਰ ਗੁੱਸੇ ਹੋਕੇ ਸੀਤਾ ਜੀ ਧਰਤੀ ਵਿਚ ਸਮਾ ਗਈ, ਅਤੇ ਸੀਤਾ ਦੇ ਵਿਯੋਗ ਵਿਚ ਸ੍ਰੀ ਰਾਮਚੰਦ੍ਰ ਜੀ ਨੇ ਦੇਹ ਤਿਆਗ ਦਿਤੀ। ਤੇ ਅਧਜਾਇ ੨੫ ਸੇ ਸਾਬਤ ਹੈ ਕਿ ਇਸੇ ਵਿਯੋਗ ਵਿਚ ਲਛਮਨ ਆਦਿ ਭਾਈ ਅਪਨੀ ਤ੍ਰਿਯਨ ਸਹਿਤ ਮਰ ਗਏ ਤੇ ਰਾਜ ਭਾਗ ਸਭ ਲਵਿ ਤੇ ਕੁਸ਼ੂ ਸਿਰ ਰਿਹਾ। ਇਸ ਪ੍ਰਸੰਗ ਦ੍ਵਾਰਾ ਕਵੀ ਅਪਨੇ ਗ੍ਰੰਥ ਨੂੰ ਸਮਾਪਤ ਕਰਦਾ ਹੈ॥

ਨੋਟ

ਦੇਖੋ! ਪ੍ਰਮੇਸੂਰ ਅਤੇ ਤ੍ਰਿਲੋਕੀ ਦੇ ਨਾਥ ਅਤੇ ਉਨ੍ਹਾਂਦੇ ਭ੍ਰਾਵਾਂ ਦੇ ਗਿਆਨ ਦਾ ਸਿੱਟਾ ਜੋ ਸਭੇ ਤ੍ਰਿਯਾ (ਸੀਤਾ) ਦੇ ਵਿਯੋਗ ਵਿਚ ਮਰ ਗਏ। ਕਿਉਂ ਜੀ ਕੀ ਆਪ ਹੁਣ ਭੀ ਇਸ ਰਾਮਾਇਣ ਦੀ ਕਥਾ ਨੂੰ ਗੁਰੂ ਸਾਹਿਬ ਵਲੋਂ ਮੰਨਕੇ ਪ੍ਰਮਾਣ ਮੰਨੋਗੇ ਤੇ ਗੁਰਬਾਣੀ ਤੁਲ ਸਮਾਨਤਾ ਦੇਵੋਗੇ ?

ਸਮੀਖਯਾ

ਜਦ ਕਵਿ ਇਸ "ਰਾਮਾਯਣ" ਦੀ ਕਥਾ ਦਾ ਸਾਰਾ ਪ੍ਰਸੰਗ ਅਪਨੀ ਰਚਨਾ ਵਿਚ ਕਰ ਚੁਕਾ। ਪੁਨਃ—

"ਸਾਧ ਅਸਾਧ ਜਾਨੋਂ ਨਹੀਂ ਬਾਦ ਸਬਾਦ ਬਿਬਾਦ ॥
ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ॥੮੬੨॥"

ਇਸ ਅੰਤਮ ਦੋਹਰੇ ਦ੍ਵਾਰਾ ਸੰਮਾਪਤ ਕਰ ਚੁਕਿਆ ਤਾਂ ਉਨ੍ਹਾਂ ਅਪਨੀ ਰੀਤ ਅਨੁਸਾਰ ਇਸ ਕਥਾ ਪਰ ਅਪਨੀ ਵਲੋਂ ਹੇਠਲੀ ਅੰਤਮ ਦੀ ਸੂਚਨਾਂ ਦਿੱਤੀ ਜਿਸਤੋਂ ਸਾਫ ਪ੍ਰਗਟ ਹੈ ਕਿ ਸ੍ਰੀ ਕਲਗੀਧਰ ਸ੍ਵਾਮੀ ਜੀ ਕੇਵਲ ਅਕਾਲ ਸੇਵਕ ਸਨ ਉਨ੍ਹਾਂ ਦੀ ਨਜ਼ਰ ਵਿਚ ਰਾਮ ਕ੍ਰਿਸ਼ਨ ਆਦਿ ਅਵਤਾਰ ਇਕ ਸੰਸਾਰੀ ਜੀਵ ਸਨ। ਦੇਖੋ! ਸ੍ਰੀ ਸ੍ਵਾਮੀ ਜੀ ਵਲੋਂ ਅਕਾਲ ਪੁਰਖ ਦੀ ਸੇਵਾ ਵਿਚ ਇਸ ਰਾਮਾਯਣ ਦੀ ਕਥਾ ਸਮਾਪਤੀ ਪਰ ਹੀ ਅੰਤਮ ਸਮੀਖਯਾ ਦ੍ਵਾਰਾ ਬੇਨਤੀ॥ ਯਥਾ:—

ਸਵੱਯਾ ॥

ਪਾਯ ਗਹੇ ਜਬਤੇ ਤੁਮਰੇ, ਤਬਤੇ ਕੋਊ ਆਂਖ ਤਰੇ ਨਹਿੰ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੈਂ ਮਤ, ਏਕ ਨ ਮਾਨਯੋ॥
ਸਿਮ੍ਰਿਤ ਸ਼ਾਸਤ੍ਰ ਬੇਦ ਸਭੈ, ਬਹੁ ਭੇਦ ਕਹੈਂ, ਹਮ ਏਕ ਨ ਜਾਨਯੋ॥
ਸ੍ਰੀ ਅਸਿਪਾਨਿ! ਕ੍ਰਿਪਾ ਤੁਮ੍ਰੀ ਕਰ, ਮੈ ਨ ਕਹਯੋ ਸਭ ਤੋਹਿ ਬਖਾਨਯੋ ॥ ੮੬੩ ॥

ਦੋਹਰਾ ॥

ਸਗਲ ਦ੍ਵਾਰ ਕੋ ਛਾਡਕੈ ਗ੍ਰਹਿਓ ਤਿਹਾਰੋ ਦ੍ਵਾਰ ॥
ਬਾਂਹ ਗਹੇ ਕੀ ਲਾਜ ਅਸ, ਗੋਬਿੰਦ ਦਾਸ ਤੁਹਾਰ॥੮੬੪॥

ਯਾਂਤੇ

ਖ਼ਾਲਸਾ ਜੀ! ਵਿਚਾਰੋ ਜੋ ਸ੍ਰੀ ਕਲਗੀਧਰ ਜੀ ਨੇ ਇਨ੍ਹਾਂ ਪ੍ਰਸੰਗਾਂ ਨੂੰ ਕਿਥੋਂ ਤਕ ਪ੍ਰਮਾਣਤਾ ਦਿੱਤੀ ਹੈ?

(੨੧) ਕ੍ਰਿਸ਼ਨਾ ਅਵਤਾਰ

ਇਸ ਇਕੀਸਵੇਂ ਅਵਤਾਰ ਦਾ ਹਾਲ ਭਾਗਵਤ ਦੇ ਗ੍ਰੰਥ ਵਿਚੋਂ ਲਿਆ ਗਿਆ ਹੈ ਜਿਸਨੂੰ ਉਲਥਾ ਕਾਰ ਖੁਦ ਹੀ ਦਸ ਰਿਹਾ ਹੈ; ਯਥਾ:—

"ਜੇ ਜੇ ਕ੍ਰਿਸ਼ਨ ਚਰਿਤ੍ਰ ਦਿਖਾਏ। ਦਸਮ ਬੀਚ ਸਭ ਭਾਖ ਸੁਨਾਏ"

ਤੇ ਇਸਤੋਂ ਬਿਨਾਂ ਹੇਠਲੇ ਸਬੂਤਾਂ ਤੋਂ ਭੀ ਸਾਫ ਜ਼ਾਹਿਰ ਹੈ:—

ਯਥਾ:—

੧. ਰਚੋਂ ਗ੍ਰੰਥ ਇਹ ਭਾਗਵਤ, ਜਉਵੈ ਕ੍ਰਿਪਾ ਕਰਾਹਿ ॥ ੬ ॥

੨. ਭਾਗਵਤ ਕੀ ਯਹ ਸੁਧਕਥਾ ਬਹੁਬਾਤ ਭਰੇ ਭਲੀਭਾਂਤਉਚਾਰੀ॥

੩. ਇਤ ਸ੍ਰੀ ਦਸਮ ਸਿਕੰਧ ਪੁਰਾਣੇ ਬਚਿੱਤ੍ਰ ਨਾਟਕ ਗ੍ਰੰਥੇ ਕ੍ਰਿਸ਼ਨਾਵਤਾਰ ਸਮਾਪਤੰ ॥

ਅਤੇ ਇਸਦੇ ਉਲਥਾ ਕਰਨ ਦਾ ਕਾਰਣ ਭੀ ਕਵੀ ਨੇ ਸਾਫ ਹੀ ਲਿਖ ਦਿਤਾ ਹੈ:—

(ੳ) ਕ੍ਰਿਸ਼ਨ ਜੁੱਧ ਜੋ ਹਉ ਕਹਿਯੋ ਅਤਿ ਹੀ ਸੰਗ ਸਨੇਹ ॥
ਜਿਹ ਲਾਲਚ ਇਹ ਮੈਂ ਕਹਿਓ ਮੋਹਿ ਵਹੈ ਬਰ ਦੇਹ ॥ ੧੯੯੮ ॥

(ਅ) ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਵਾਸ਼ਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥ ੨੪੯੧ ॥

ਪਸ

ਪ੍ਰਗਟ ਹੈ ਜੋ ਦਸਮੇਸ ਜੀ ਦਾ ਆਸ਼ਾ ਤਾਂ ਇਨ੍ਹਾਂ ਗ੍ਰੰਥਾਂ ਨੂੰ ਉਲਥਾ ਕਰਾਉਣ ਦਾ ਕੇਵਲ ਇਹੀ ਸੀ ਜੋ ਖਾਲਸਾ ਜੀ ਇਨ੍ਹਾਂ ਗ੍ਰੰਥਾਂ ਨੂੰ ਪੜ੍ਹਕੇ ਹਿੰਦੂ ਮਤ ਦੀ ਅਜਲੀਅਤ ਤੋਂ ਪੂਰਨ ਜਾਣੂ ਹੋ ਜਾਨ ਅਤੇ ਉਨ੍ਹਾਂ ਦੇ ੧੬ ਕਲਾਂ ਸੰਪੂਰਣ ਆਦਿ ਅਵਤਾਰਾਂ ਦੇ ਹਾਲਾਤਾਂ ਨੂੰ ਪੜ੍ਹਕੇ ਉਨ੍ਹਾਂ ਦੀ ਅਵਤਾਰ ਪਨੇ ਦੀ ਅਸਲੀਅਤ ਤੋਂ ਵਾਕਿਫ ਹੋ ਜਾਣ। ਪ੍ਰੰਤੂ ਸਾਡੇ ਭੋਲੇ ਭਾਈ ਐਸੇ ਭੁੱਲੇ ਜੋ ਇਨ੍ਹਾਂ ਗ੍ਰੰਥਾਂ ਦੇ ਅਸਲ ਭਾਵ ਨੂੰ ਤਯਾਗ, ਸਰਧਾਲੂ ਹੀ ਬਣ ਬੈਠੇ ॥

ਕ੍ਰਿਸ਼ਨਾਵਤਾਰ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਜੋ ਇਸ ਵਿਚ ਚਾਰ ਮੁਖ ਭਾਗ ਹਨ ਅਥਵਾ ਚਾਰ ਭਾਗਾਂ ਦਾ ਸਮੁਦਾਇ ਹੈ ॥

ਯਥਾ:-

(ੳ) ਦਸਮ ।　　(ਅ) ਰਾਸ ਮੰਡਲ ।

(ੲ) ਵਿਰਹ ਨਾਟਕ ।　　(ਸ) ਜੁੱਧ ਪ੍ਰਬੰਧ ।

ਜਿਨ੍ਹਾਂ ਦਾ ਕੁਝ ੨ ਹਾਲ ਅਸੀ ਇਥੇ ਲਿਖਨਾ ਯੋਗ ਸਮਝਦੇ ਹਾਂ ਤਾਂ ਕਿ ਸਾਡੇ ਪਾਠਕਾਂ ਨੂੰ (ਜੋ ਇਸ ਅਸਲ ਗ੍ਰੰਥ ਨੂੰ ਵੇਖਨ ਦੀ ਖੇਚਲ ਨਹੀਂ ਕਰਦੇ ਤੇ ਲੋਕਾਂ ਨੂੰ ਗੁਰਬਾਣੀ ਦਸ ੨ ਕੇ ਧੋਖੇ ਵਿਚ ਪਾਈ ਜਾਂਦੇ ਹਨ) ਹਿੰਦੂਆਂ ਦੇ ੧੬ ਕਲਾਂ ਸੰਪੂਰਣ ਅਵਤਾਰ ਕ੍ਰਿਸ਼ਨ ਦੇ ਜੀਵਨ ਦਾ ਸੰਖੇਪ ਮਾਤ੍ਰ ਪਤਾ ਜਰੂਰ ਲਗ ਜਾਵੇ ਤਾਂ ਕਿ ਇਸਦੀ ਅਸਲੀਅਤ ਨੂੰ ਸਮਝਕੇ ਇਸ ਤੋਂ ਸਿੱਖਜਾ ਲੈਨ ॥

੧. ਦਸਮ:-ਇਸ ਵਿਚ ਦੇਵਕੀ ਦਾ ਜਨਮ, ਵਸੁਦੇਵ ਵਰ ਦਾ ਢੂੰਡਨਾਂ, ਕੰਸ ਦਾ ਦੇਵਕੀ ਦੇ ਪੁਤ੍ਰਾਂ ਦਾ ਕਤਲ ਕਰਨਾ ਤੇ "ਕ੍ਰਿਸ਼ਨ" ਦਾ ਯਤਨਾਂ ਦ੍ਵਾਰਾ ਬਚਾਯਾ ਜਾਨਾਂ, ਕੰਸ ਨੇ ਅਪਨੇ ਰਾਜ ਵਿਚ ਸਾਰੇ ਬਾਲਕਾਂ ਦੇ ਮਾਰਨ ਦਾ ਹੁਕਮ ਦੇਵਨਾ, ਕ੍ਰਿਸ਼ਨ ਦਾ ਪੂਤਨਾਂ ਦਾ ਉਧਾਰ ਕਰਨਾ, ਮਾਖਨ ਚੁਰਾਨਾ, ਧੇਨ ਚਰਾਵਨਾ, ਬ੍ਰਹਮਾਂ ਦਾ ਬਛਰੇ ਹਰਨਾ, ਗੋਪਨ ਸੋਂ ਹੋਲੀ ਖੇਲਨਾ ਆਦਿ ਪ੍ਰਸੰਗ ਹਨ। ਇਸਤੋਂ ਅੱਗੇ ਅੰਤ ਪਰ ਗੋਪਨ ਸੋਂ ਲੁਕਮੀਚਨ ਖੇਲਨ ਤੇ ਚੀਰ ਹਰਨ ਦਾ ਹੇਠਲਾ ਪ੍ਰਸੰਗ ਹੈ ॥ ਯਥਾ:-

ਅਸਲ ਕਵਿਤਾ

ਕਬਿੱਤ

ਬੈਠ ਕਰ ਗ੍ਵਾਰ ਆਂਖੈਂ ਮੀਚੇ ਏਕ ਗ੍ਵਾਰ ਹੂੰ ਕੀ,
ਛੋਰ ਦੇਤ ਤਾਂਕੋ ਸੋ ਤੋ ਔਰੋ ਗਹੇ ਧਾਇਕੈ ॥
ਆਂਖੈਂ ਮੂੰਦਤ ਹੈ ਤਬ ਓਹੀ ਗੋਪਹੂੰ ਕੀ ਫੇਰ,
ਜਾਕੇ ਤਨ ਕੋ ਜੋ ਛੂਵੈ ਕਰ ਸਾਥ ਜਾਇਕੈ ॥

ਤਹ ਤੇ ਛਲ ਬਲ ਕ ਪਲਾਵੈ ਹਾਥ ਆਵੈ ਨਹੀਂ,
ਤਉ ਮਿਟਾਵੈ ਆਂਖੈਂ ਆਪਹੀ ਤੇ ਸੋ ਤੌ ਆਇਕੈ ॥
ਕਹੈ ਕਵਿ ਸਜਾਮ ਤਾਂਕੀ ਮਹਿਮਾਂ ਨ ਲਖੀ ਜਾਇ,
ਐਸੀ ਭਾਂਤਿ ਖੇਲੈ ਕਾਨ੍ਹ ਮਹਾਂ ਸੁਖ ਪਾਇਕੈ ॥ ੨੩੯ ॥

ਪੁਨਃ ਸਵੈਯਾ

ਮੰਘਰ ਮੈਂ ਸਭਹੀ ਗੁਪੀਆਂ ਮਿਲ ਪੂਜਤ ਚੰਡ ਪਤੇ ਹਰਿ ਕਾਜੈ ॥
ਪ੍ਰਾਤ ਸਮੇਂ ਜਮਨਾ ਮਧ ਨ੍ਹਾਵਤ ਦੇਖ ਤਿਨੈ ਜਲਜੀ ਮੁਖ ਲਾਜੈ ॥
ਗਾਵਤ ਗੀਤ ਬਿਲਾਵਲਮੈ ਜੁਰ ਬਾਹਨ ਸਿਜਾਮ ਕਥਾ ਇਹਸਾਜੈ॥
ਅੰਗ ਅਨੰਗਬਢਿਯੋ ਤਿਨਕੇ ਪਿਖਕੈਜਿਹਲਾਜਕੋਭਾਜਨਭਾਜੈ॥੨੪੦
ਗਾਵਤ ਗੀਤ ਬਿਲਾਵ੍ਹਲ ਮੈਂ ਸਭ ਹੀ ਮਿਲ ਗੋਪਨ ਉੱਜਲ ਕਾਰੀ॥
ਕਾਨਰ ਕੋ ਭਰਤਾ ਕਰਬੇ ਕਹੁ ਬਾਂਛਤ ਹੈ ਪਤਲੀ ਅਰੁ ਭਾਰੀ ॥
ਸ਼ਜਾਮ ਕਹੈ ਤਿਨਕੇ ਮੁਖ ਕੋ ਪਿਖਜੋਤਿ ਕਲਾ ਸਸਿਕੀ ਫੁਨਿਹਾਰੀ॥
ਨ੍ਹਾਵਤ ਹੈਂ ਜਮਨਾਹਿਮਜਨ ਫੂਲਰਹੀ ਗ੍ਰਿਹਮੈ ਫੁਲਵਾਰੀ॥੨੪੧॥
ਨ੍ਹਾਵਤ ਹੈਂ ਗੁਪੀਆਂ ਜਲ ਮੈਂ ਤਿਨਕੇ ਮਨ ਮੈਂ ਫੁਨ ਹੌਲਨ ਕੋ ॥
ਗੁਨਗਾਵਤ ਤਾਲ ਬਜਾਵਤਹੈਂ ਤਿਹਜਾਇ ਕਿਧੋ ਇੱਕ ਠੌਰਨਕੋ ॥
ਮੁਖ ਤੇ ਉਚਰੈ ਇਹ ਭਾਂਤ ਸਭੈ ਇਤਨੋ ਸੁਖ ਨਾ ਹਰਿ ਧੌਲਨਕੋ ॥
ਕਵਿ ਸਜਾਮ ਬਿਰਾਜਤ ਹੈ ਅਤਿਹੀ ਕਿ ਬਨਿਯੋ ਸਰ ਸੁੰਦਰ ਕੌਲਨ ਕੋ ॥ ੨੪੨ ॥

॥ ਗੋਪੀ ਬਾਚੁ ਦੇਵੀ ਜੂ ਸੋ ॥ ਸਵੱਯਾ ॥

ਲੈ ਅਪਨੇ ਕਰ ਜੋ ਮਿਟੀਆ ਤਿਹ ਥਾਪ ਕਹੈਂ ਮੁਖਤੇ ਜੁ ਭਵਾਨੀ॥
ਪਾਇ ਪਰੈਂ ਤਿਹਕੇ ਹਿਤ ਸੋ ਕਰ ਕੋਟ ਪ੍ਰਨਾਮ ਕਹੇ ਇਹ ਬਾਨੀ॥
ਪੂਜਤ ਹੈਂ ਇਹਤੇ ਹਮ ਤੋ ਤੁਮ ਦੇਹੁ ਵਹੈ ਜੀਅ ਮੈ ਹਮ ਠਾਨੀ ॥
ਹੈ ਹਮਰੋ ਭਰਤਾਹਰਿਜੀ ਮੁਖ ਸੁੰਦਰਹੈ ਜਿਹਕੋ ਸਸਿਸਾਨੀ॥੨੪੩॥
ਭਾਲ ਲਗਾਵਤ ਕੇਸਰ ਅੱਛਤ ਚੰਦਨ ਲਾਵਤ ਹੈ ਸਿਤ ਕੈ ॥
ਫੁਨ ਡਾਰਤ ਫੂਲ ਉਡਾਵਤ ਹੈ ਮਖੀਆਂ ਤਿਹਕੀ ਅਤਿਹੀ ਹਿਤਕੈ॥
ਪਟ ਧੂਪਰਚਾਮ੍ਰਿਤ ਦੱਛਨਾ ਪਾਨ ਪ੍ਰਦੱਛਨਾ ਦੇਤ ਮਹਾਂ ਚਿਤਕੈ ॥
ਬਰਬੇ ਕਹੁ ਕਾਨ ਉਪਾਵ ਕਰੈ ਮ੍ਰਿਤ ਹੋ ਸੋਊ ਤਾੜ ਕਿਧੋ ਕਿੜਕੈ॥

੨੪੪ ॥ ਗੋਪੀ ਵਾਚ ਦੇਵੀ ਜੀ ਸੋਂ ॥ ॥ ਕਬਿੱਤ ॥
ਦੈਤਨ ਸੰਘਾਰਨੀ ਪਤਿਤ ਲੋਕ ਤਾਰਨੀ ਸੁ ਸੰਕਟ ਨਿਵਾਰਨੀ ਕਿ
ਐਸੀ ਤੂ ਸਕਤਿ ਹੈ ॥ ਬੇਦਨ ਉਧਾਰਨੀ ਸੁਰੇਂਦ੍ਰ ਰਾਜ ਕਾਰਨੀ
ਪੈ ਗੌਰਜਾ ਕੀ ਜਾਗੈ ਜੋਤਿ ਔਰਜੋਂ ਨ ਕਤ ਹੈ ॥ ਧ੍ਰੂਅ ਮੈ ਨ ਧਰਾ ਮੈ
ਨ ਧਿਆਨ ਧਾਰੀ ਮੈ ਪੈ ਕਛੂ, ਜੈਸੇ ਤੇਰੇ ਜੋਤਿ ਬੀਚ ਆਨਨ ਛਕਤ
ਹੈ ॥ ਦਿਨਸ ਦਿਨੇਸ ਮੈ ਦਿਵਾਨ ਮੈ ਸੁਰੇਸ ਮੈ, ਸਪਤ ਮੈ ਮਹੇਸ
ਜੋਤਿ ਤੇਰੀ ਐ ਜਗਤ ਹੈ ॥ ੨੪੫ ॥ ਕਬਿੱਤ ॥
ਬਿਨਤੀ ਕਰਤ ਸਭ ਗੋਪੀ ਕਰ ਜੋਰ ਜੋਰ ਸੁਨ ਲੇਹੁ ਬਿਨਤੀ
ਹਮਾਰੀ ਇਹ ਚੰਡਕਾ ॥ ਸੁਰ ਤੈ ਉਬਾਰੇ ਕੋਟਿ ਪਤਿਤ ਉਧਾਰੇ ਚੰਡ
ਮੁੰਡ ਮੁੰਡ ਡਾਰੇ ਸੁੰਭ ਨਿਸੁੰਭ ਕੀਏ ਖੰਡਕਾ ॥ ਦੀਜੈ ਮਾਂਗਿਯੋ ਦਾਨ
ਹ੍ਵੈ ਪ੍ਰਤੱਛ ਕਹੈ ਮੇਰੀ ਮਾਈ ਪੂਜੈ ਹਮ ਤੁਮੈ ਨਾਹੀਂ ਪੂਜੈਸੁਤਗੰਡਕਾ ॥
ਹ੍ਵੈ ਕਰ ਪ੍ਰਸੰਨਿ ਤਾਕੋ ਕਹਿਯੋ ਸ਼ੀਘ੍ਰ ਮਾਨ ਦੀਨੋ ਵਹੈ ਬਰ ਦਾਨ
ਫੁਨ ਰਾਰਨ ਕੀ ਮੰਡਕਾ ॥੨੪੬॥

ਦੇਵੀ ਜੀ ਵਾਚ ਗੋਪਨ ਸੋ ॥ ਸਵੈਯਾ ॥

ਹ੍ਵੈ ਭਰਤਾ ਅਬ ਸੋ ਤੁਮਰੋ ਹਰਿ ਦਾਨ ਇਹੈ ਦੁਰਗਾ ਤਿਨ ਦੀਨਾ ॥
ਸੋ ਧੁਨ ਸ੍ਰਉਨ ਸਮੈ ਸੁਨਕੈ ਤਿਨ ਕੋਟਿ ਪ੍ਰਨਾਮ ਤਬੈ ਉਠ ਕੀਨਾ ॥
ਤਾਂ ਛਬਿ ਕੋ ਜਸਿ ਉੱਚ ਮਹਾਂ ਕਵਿਨੇ ਅਪਨੇ ਮਨਮੈ ਫੁਨ ਚੀਨਾ॥
ਹੈਂ ਇਨਕੋ ਮਨ ਕਾਨਰ ਮੈ ਅਉ ਜੁਪੈ ਰਸਕਾਨਰਕੇ ਸੰਗ ਭੀਨਾ ॥
੨੪੭ ॥ ॥ ਸਵੈਯਾ ॥

ਪਾਇ ਪਰੀ ਤਿਹਕੇ ਤਬਹੀ ਸਭ ਭਾਂਤ ਕਰੀ ਬਹੁ ਤਾਹਿ ਬਡਾਈ ॥
ਹੈ ਜਗ ਕੀ ਕਰਤਾ ਹਰਤਾ ਦੁਖ ਹੈਂ ਸਭ ਤੂੰ ਗਨ ਗੰਧ੍ਰਬ ਮਾਈ ॥
ਤਾਂ ਛਬਿ ਕੀ ਅਤਿਹੀ ਉਪਮਾ ਕਵਿ ਨੇ ਮੁਖਤੇ ਇਮ ਭਾਖਸੁਨਾਈ॥
ਲਾਲ ਭਈ ਤਬਹੀ ਗੁਪੀਆਂ ਫੁਨ ਬਾਤ ਜਬੈ ਮਨ ਬਾਂਛਤ ਪਾਈ ॥
੨੪੮ ॥ ॥ ਸਵੈਯਾ ॥

ਲੈ ਬਰ ਦਾਨ ਸਭੈ ਗੁਪੀਆਂ ਅਤਿ ਆਨੰਦ ਕੈ ਮਨ ਡੇਰਨ ਆਈ ॥
ਗਾਵਤ ਗੀਤ ਸਭੈ ਮਿਲਕੇ ਇਕ ਹ੍ਵੈ ਕੈ ਪ੍ਰਸੰਨ ਸੁ ਦੇਤ ਵਧਾਈ ॥
ਪਾਂੜਨ ਸਾਥ ਖਰੀ ਤਿਨਕੋ ਉਪਮਾ ਕਵਿ ਨੇ ਮੁਖ ਤੇ ਇਮਗਾਈ॥

ਮਾਨਹੁ ਪਾਇ ਨਿਸਾਪਤਿ ਕੋ ਸਰ ਮੱਧ ਖਿਰੀ ਕਵੀਆ ਧੁਰਤਾਈ॥
੨੪੯ ॥ ॥ ਸਵੈਯਾ ॥
ਪ੍ਰਾਤ ਭਏ ਜਮਨਾ ਜਲ ਮੈ ਮਿਲ ਧਾਇ ਗਈ ਸਭ ਹੀ ਗੁਪੀਆ॥
ਮਿਲ ਗਾਵਤ ਗੀਤ ਚਲੀ ਤਿਹ ਜਾ ਕਰ ਆਨੰਦਤਾਮਨਿਮੈ ਕੁਪੀਆ॥
ਤਬਹੀ ਫੁਨ ਕਾਨ ਚਲੇ ਤਿਹਜਾ ਜਮਨਾ ਜਲ ਕੋ ਫੁਨਜਾਜੁਪੀਆ॥
ਸੋਊ ਦੇਖ ਤਬੈ ਭਗਵਾਨ ਕਹੈ ਨਹਿ ਬੋਲਹੁ ਰੀ ਕਰ ਹੋ ਚੁਪੀਆ
॥ ੨੫੦ ॥

ਅਬ ਚੀਰ ਹਰਨ ਕਥਨੰ । ਸਵੈਯਾ

ਨ੍ਹਾਵਨ ਲਾਗ ਜਬੈ ਗੁਪੀਆਂ ਤਬ ਲੈ ਪਟ ਕਾਨ੍ਹ ਚਰੋ ਤਰ ਊਪੈ ॥
ਤਉ ਮੁਸਕਿਯਾਨ ਲਗੀ ਮਧ ਆਪਨ ਕੋਇ ਪੁਕਾਰ ਕਰੇਹਰਿਜੂਪੈ॥
ਚੀਰ ਹਰੇ ਹਮਰੇ ਛਲ ਸੋਂ ਤੁਮ ਸੋ ਠਗ ਨਾਹਿ ਕਿਧੋ ਕੋਊ ਭੂਪੈ ॥
ਹਾਥਨ ਸਾਥ ਸੁ ਸਾਰੀ ਹਰੀ ਦ੍ਰਿਗਿ ਸਾਥ ਹਰੋ ਹਮਰੇ ਤੁਮ ਰੂਪੈ ॥
੨੫੧ ॥ ਗੋਪੀ ਵਾਚ ਕਾਨ ਸੋ ॥ ਸਵੈਯਾ ॥
ਸਿਯਾਮ ਕਹਿਯੋ ਮੁਖਤੇ ਗੁਪੀਆ ਇਹਕਾਨਸਿਖੇ ਤੁਮਬਾਤੁਭਲੀਹੈ॥
ਨੰਦ ਕੀ ਓਰ ਪਿਖੋ ਤੁਮਹੂੰ ਦਿਖੋ ਭ੍ਰਾਤ ਕੀ ਓਰ ਕਿ ਨਾਮ ਹਲੀ ਹੈ॥
ਚੀਰ ਹਰੇ ਹਮਤੇ ਛਲ ਸੋਂ ਸੁਨ ਮਾਰ ਡਰੈ ਤੁਹਿ ਕੰਸ ਬਲੀ ਹੈ ॥
ਕੋ ਮਰ ਹੈ ਹਮਕੋ ਤੁਮਰੋ ਨ੍ਰਿਪ ਤੋਰ ਡਰੈ ਜਿਮ ਕੋਲ ਕਲੀ ਹੈ ॥
੨੫੨ ॥ ਕਾਨ ਵਾਚ ਗੋਪੀ ਸੋ ॥ ਸਵੈਯਾ ॥
ਕਾਨਕਹੀਤਿਨਕੋ ਇਹਬਾਤ ਨ ਦਿਯੋਂਪਟਹੌ ਨਿਕਰਿਯੋ ਬਿਨਤੋਕੋ॥
ਕਿਉਂ ਜਲ ਬੀਚ ਰਹੀ ਛਪਕੈ ਤਨ ਕਾਹ ਕਟਾਵਤ ਹੋ ਪਹਿ ਜੋਕੋ॥
ਨਾਮ ਬਤਾਵਤ ਹੋ ਨ੍ਰਿਪ ਕੋ ਤਿਹ ਕੌ ਫੁਨ ਨਾਹਿ ਕਛੂ ਡਰ ਮੋ ਕੋ ॥
ਕੇਸਨ ਤੇ ਗਹਿਕੈ ਤਪ ਕੀ ਅਗਨੀ ਮਧ ਈਧਨ ਜਿਉ ਉਹਿਝੋਕੋ॥
੨੫੩ ॥ ॥ ਸਵੈਯਾ ॥
ਰੂਖ ਚਢੇ ਹਰਜੀ ਰਿਝਕੈ ਮੁਖਤੇ ਜਬ ਬਾਤ ਕਹੀ ਇਹ ਤਾ ਸੋਂ ॥
ਤੌ ਰਿਸ ਬਾਤ ਕਹੀ ਉਨ ਹੂ ਇਹ ਜਾਇ ਕਹੈ ਤੁਹਿ ਮਾਤਪਿਤਾਸੋਂ॥
ਜਾਇ ਕਹੋ ਇਹ ਕਾਨ ਕਹੀ ਮਨ ਹੈ ਤੁਮਰੋ ਕਹਿਬੇ ਕਹੁ ਜਾ ਸੋਂ॥

ਜੋ ਸੁਨਿ ਕੋਊ ਕਹੈ ਹਮ ਕੋ ਇਹ, ਤੌ ਹਮਹੂੰ ਸਮਝੈ ਫੁਨ ਵਾ ਸੌਂ ॥
੨੫੪ ॥ ਕਾਨ ਵਾਚੁ ॥ ਸਵੈਯਾ ॥
ਦੇਉ ਬਿਨਾਨਿਕਰੇਨਹਿਚੀਰ ਕਹਿਯੋ ਹਸਕਾਨ ਸੁਨੋਂ ਤੁਮਪਿਆਰੀ॥
ਸੀਤ ਸਹੋ ਜਲਮੈ ਤੁਮ ਨਾਹਕ ਬਾਹਰ ਆਵਹੁ ਗੋਰੀ ਅਉ ਕਾਰੀ॥
ਦੈ ਅਪਨੇ ਅਗੂਆ ਪਿਛੂਆ ਕਰ, ਬਾਰ ਤਜੋ ਪਤਲੀ ਅਰੁ ਭਾਰੀ ॥
ਯੌਂ ਨਹਿ ਦੇਉਂ ਕਹਿਯੋ ਹਰਿ ਜੀ ਤਸਲੀਮ ਕਰੋ ਕਰ ਜੋਰਹਮਾਰੀ॥
੨੫੫ ॥ ॥ ਸਵੈਯਾ ॥
ਫੇਰ ਕਹੀ ਹਰਿਜੀ ਤਿਨਸੌਂ ਰਿਝਕੈ ਇਹ ਬਾਤ ਸੁਨੋ ਤੁਮ ਮੇਰੀ ॥
ਜੋਰ ਪ੍ਰਨਾਮ ਕਰੋ ਹਮਕੋ ਕਰ ਲਾਜ ਕੀ ਕਾਟ ਸਭੈ ਤੁਮ ਬੇਰੀ ॥
ਬਾਰ ਹੀ ਬਾਰ ਕਹਿਯੋ ਤੁਮਸੋ ਮੁਹਿਮਾਨਹੁ ਸੀਘ੍ਰ ਕਿਧੋ ਇਹ ਹੇਰੀ॥
ਨਾਤਰ ਜਾਇ ਕਹੋ ਸਭਹੀ ਪਹਿ ਸੌਂਹ ਲਗੈ ਫੁਨ ਠਾਕੁਰ ਕੇਰੀ ॥
੨੫੬ ॥ ਗੋਪੀ ਵਾਚੁ ਕਾਨ ਸੋ ॥ ਸਵੈਯਾ ॥
ਜੋ ਤੁਮ ਜਾਇ ਕਹੋ ਤਿਨਹੀ ਪਹਿ ਤੌ ਹਮ ਬਾਤ ਬਨਾਵਹਿ ਐਸੇ ॥
ਚੀਰ ਹਰੇ ਹਮਰੇ ਹਰਿਜੀ ਦਈ ਬਾਰ ਤੇ ਨਿਆਰੀ ਕਢੈ ਹਮ ਕੈਸੇ ॥
ਭੇਦ ਕਹੈ ਸਭ ਹੀ ਜਸੁਧਾ ਪਹਿ ਤੌਹਿ ਕਰੈ ਸਰਮਿੰਦਤ ਵੈਸੇ ॥
ਜਿਉਂ ਨਰਕੋ ਗਹਿ ਕੈ ਤਿਰੀਯਾਹੂ ਸੁ ਮਾਰਤ ਲਾਤਨ ਮੂਕਨਜੈਸੇ ॥
੨੫੭ ॥ ਕਾਨ ਵਾਚ ॥ ਦੋਹਰਾ ॥

ਬਾਤ ਕਹੀ ਤਬ ਇਹ ਹਰੀ ਕਾਹੇ ਬੰਧਾਵਤ ਮੋਹਿ॥
ਨਮਸਕਾਰ ਜੋ ਨਾ ਕਰੋ ਮੋਹਿ ਦੁਹਾਈ ਤੋਹਿ ॥ ੨੫੮ ॥

ਗੋਪੀ ਵਾਚ ॥ ਸਵੈਯਾ ॥

ਕਾਹਿ ਖਿਝਾਵਤ ਹੋ ਹਮਕੋ ਅਤੁ ਦੇਤ ਕਹਾ ਜਦੁਰਾਇ ਦੁਹਾਈ ॥
ਜਾਂ ਬਿਧ ਕਾਰਨ ਬਾਤ ਬਨਾਵਤ ਸੋ ਬਿਧਿ ਹੈ ਹਮਹੂੰ ਲਖ ਪਾਈ ॥
ਭੇਦ ਕਰੋ ਹਮ ਸੌਂ ਤੁਮ ਨਾਹਕ ਬਾਤ ਇਹੈ ਮਨ ਮੈ ਤੁਹਿ ਆਈ ॥
ਸੌਂਹ ਲਗੈ ਹਮ ਠਾਕੁਰ ਕੀ ਜੁ ਰਹੈ ਤੁਮਰੀ ਬਿਨ ਮਾਤ ਸੁਨਾਈ ॥
੨੫੯ ॥ ਕਾਨ ਵਾਚ ਗੋਪੀਆਂ ਸੋਂ ॥ ਸਵੈਯਾ ॥
ਮਾਂ ਸੁਨਹੈ ਤਬ ਕਾ ਕਰਹੈ ਹਮਰੋ ਸੁਨ ਲੇਹੁ ਸਭੈ ਬ੍ਰਿਜ ਨਾਰੀ ॥
ਬਾਤ ਕਹੀ ਤੁਮ ਮੂੜਨ ਕੀ ਹਮ ਜਾਨਤ ਹੈਂ ਤੁਮ ਹੋ ਸਭ ਬਾਰੀ ॥

ਸੀਖਤ ਹੋ ਰਸ ਰੀਤਿ ਅਬੈਇਹ ਕਾਨਕਹੀ ਤੁਮਹੋ ਮੋਹਿਪਿਆਰੀ ॥
ਖੇਲਨ ਕਾਰਨ ਕੋ ਹਮ ਹੂੰ ਜੁ ਹਰੀ ਛਲ ਕੈ ਤੁਮ ਸੁੰਦਰ ਸਾਰੀ ॥
੨੬੦ ॥ ਗੋਪੀ ਵਾਚ ॥ ਸਵੈਯਾ ।
ਫੇਰ ਕਹੀ ਮੁਖ ਤੇ ਇਮ ਗੋਪਨ ਬਾਤ ਇਸੀ ਮਨਿ ਏ ਪਟ ਦੈਹੋ ॥
ਸੌਂਹ ਕਰੋ ਮੁਸਲੀਧਰ ਕੀ ਜਸੁਧਾ ਨੰਦ ਕੀ ਹਮ ਜੋ ਡਹਿਕੈਹੋ ॥
ਕਾਨ ਬਿਚਾਰ ਪਿਖੋ ਮਨਮੈ ਇਨ ਬਾਤਨ ਤੇ ਤੁਮ ਨਾ ਕਿਛੁਪੈਹੋ ॥
ਦੇਹੁ ਕਹਿਯੋ ਜਲ ਮੈਂ ਹਮਕੋ ਇਹ ਦੇਹ ਅਸੀਸ ਸਭੈ ਤੁਹਿ ਜੈਹੋ ॥
੨੬੧ ॥ ਗੋਪੀ ਵਾਚੁ ॥ ਸਵੈਯਾ ॥
ਫੇਰ ਕਹੀ ਮੁਖ ਤੇ ਮਿਲ ਗੋਪਨ ਨੇਹੁ ਲਗੈ ਹਰਿਜੀ ਨਹੀਂ ਜੋਰੀ ॥
ਨੈਨਨ ਸਾਥ ਲਗੈ ਸੋਊ ਨੇਹੁ,ਕਹੈ ਮੁਖ ਤੇ ਇਹ ਸਾਵਲ ਗੋਰੀ ॥
ਕਾਨ ਕਹੀ ਹਸਕੈ ਇਹ ਬਾਤ ਸੁਨੋ ਰਸ ਰੀਤਿ ਕਹੋ ਮਮ ਮੋਰੀ ॥
ਆਂਖਨ ਸਾਥ ਲਗੈ ਟਕਵਾ ਫੁਨ ਹਾਥਨ ਸਾਥ ਲਗੈ ਸੁਭ ਸੋਰੀ ॥
੨੬੨ ॥ ॥ ਸਵੈਯਾ ॥
ਫੇਰ ਕਹੀ ਮੁਖ ਤੇ ਗੁਪੀਆ ਹਮਰੇ ਪਟ ਦੇਹੁ ਕਹਿਯੋ ਨੰਦ ਲਾਲਾ॥
ਫੇਰ ਇਸਨਾਨ ਕਰੈ ਨ ਇਹਾਂ ਕਹਿਕੈ ਹਮਲੋਗਨ ਆਛਨਬਾਲਾ॥
ਜੋਰ ਪ੍ਰਣਾਮ ਕਰੋ ਹਮਕੋ ਕਰ ਬਾਹਰ ਹ੍ਵੈ ਜਲ ਤੇ ਤਤਕਾਲਾ ॥
ਕਾਨ ਕਹੀ ਹਸਕੈ ਮੁਖ ਤੇ ਕਰਹੋ ਨਹੀਂ ਢੀਲ ਦੇਊਂ ਪਟ ਹਾਲਾ॥
੨੬੩ ॥ ॥ ਦੋਹਰਾ ॥
ਮੰਤ੍ਰ ਸਭਨ ਮਿਲ ਇਹ ਕਰਿਯੋ ਜਲ ਕੋ ਤਜਿ ਸਭ ਨਾਰਿ ॥
ਕਾਨਰ ਕੀ ਬਿਨਤੀ ਕਰੋ ਕੀਨੋ ਇਹੈ ਬਿਚਾਰ ॥ ੨੬੪ ॥
ਸਵੈਯਾ
ਦੈ ਅਗੁਆ ਪਿਛੂਆ ਅਪਨੇ ਕਰ ਪੈ ਸਭਹੀ ਜਲ ਤਯਾਗ ਖਰੀਹੈ ॥
ਕਾਨ ਕੇ ਪਾਇ ਪਰੀ ਬਹੁ ਬਾਰਨ ਔ ਬਿਨਤੀ ਬਹੁ ਭਾਂਤ ਕਰੀਹੈ॥
ਦੇਹੁ ਕਹਿਯੋ ਹਮਰੀ ਸਰੀਆ ਤੁਮ ਜੋ ਕਰਕੈ ਛਲ ਸਾਥ ਹਰੀ ਹੈ ॥
ਜੋ ਕਹਿ ਹੋ ਮਨ ਹੈ ਹਮ ਸੋ ਅਤਿ ਹੀ ਸਭ ਸੀਤਹਿ ਸਾਥਠਰੀਹੈ ॥
੨੬੫ ॥ ॥ ਕਾਨ ਵਾਚੁ ॥ ॥ ਸਵੈਯਾ ॥
ਕਾਨ ਕਹੀ ਹਸ ਬਾਤ ਤਿਨੈ ਕਹਿ ਹੈ ਹਮ ਜੋ ਤੁਮ ਸੋ ਮਨ ਹੋ ॥

ਸਭ ਹੀ ਮੁਖ ਚੂਮਨ ਦੈਹ ਕਹਿਯੋ ਚੁਮ ਹੈ ਹਮ ਹੂੰ ਤੁਮ ਹੂੰ ਗਨਹੋ ॥
ਅਰੁ ਤੋਰਨ ਦੇਹੁ ਕਹਿਯੋ ਸਭਹੀ ਕੁਚ ਨਾਤਰ ਹਉ ਤੁਮਕੋਹਨਹੋਂ ॥
ਤਬ ਹੀ ਪਟ ਦੇਉਂ ਸਭੈ ਤੁਮਰੇ ਇਹ ਝੂਠ ਨਹੀਂ ਸਤਕੈ ਜਨ ਹੋ ॥
੨੬੬ ॥ ॥ ਸਵੈਯਾ ॥
ਫੇਰ ਕਹੀ ਮੁਖ ਤੇ ਹਰਿ ਜੀ ਸੁਨ ਰੀ ਇਕ ਬਾਤ ਕਹੋਂ ਸੰਗਤੇਰੇ ॥
ਜੋਰ ਪ੍ਰਨਾਮ ਕਰੋ ਕਰ ਸੋ ਤੁਮ ਕਾਮ ਕਰਾ ਉਪਜੀ ਜੀਅ ਮੇਰੇ ॥
ਤੇ ਹਮ ਬਾਤ ਕਹੀ ਤੁਮ ਸੋ ਜਬ ਘਾਤ ਬਨੀ ਸੁਭੰ ਠੌਰ ਅਕੇਰੇ ॥
ਦਾਨ ਲਹੈ ਜੀਅ ਕੋ ਹਮ ਹੂੰ ਹਸ ਕਾਨ ਕਹੀ ਤੁਮਰੋ ਤਨ ਹੇਰੇ ॥
੨੬੭ ॥ ਕਵਿਯੋ ਵਾਚ ॥ ਦੋਹਰਾ ॥
ਕਾਨ ਜਬੈ ਗੋਪੀ ਸਬੈ ਦੇਖਿਯੋ ਨੈਨ ਨਚਾਤ ॥
ਹ੍ਵੈ ਪ੍ਰਸਿੰਨ ਕਹਨੈ ਲਗੀ ਸਭੈ ਸੁਧਾ ਸੀ ਬਾਤ ॥ ੨੬੮ ॥
ਗੋਪੀ ਵਾਚ ਕਾਨ ਸੋ ॥ ॥ ਸਵੈਯਾ ॥
ਕਾਨ ਬਹਿੱਕ੍ਰਮ ਥੋਰੀ ਤੁਮੈ ਤੁਮ ਖੇਲਹੁ ਨਾ ਅਪਨੇ ਘਰਕਾਹੋ ॥
ਨੰਦ ਸੁਨੈ ਜਸੁਧਾ ਤਪਤੈ ਤਿਹਤੇ ਤੁਮ ਕਾਨ ਭਏ ਹਰਕਾਹੋ ॥
ਨੇਹੁ ਲਗੇ ਨਹਿ ਜੋਰ ਭਏ ਤੁਮ ਨੇਹੁ ਲਗਾਵਤ ਹੋ ਬਰਕਾਹੋ ॥
ਲੇਹੁ ਕਹਾ ਇਨ ਬਾਤਨ ਤੇ ਰਸ ਜਾਨਤ ਕਾ ਅਜਹੂੰ ਲਰਕਾ ਹੋ ॥
੨੬੯ ॥ ॥ ਕਬਿੱਤ ॥
ਕਮਲ ਸੇ ਆਨਨ ਕੁਰੰਗਨ ਸੇ ਨੇਤ੍ਰਨ ਸੌਂ ਤਨ ਕੀ ਪ੍ਰਭਾ ਮੈ ਸਾਰੇ ਭਾਵਨ ਸੋ ਭਰੀਆ ॥ ਰਾਜਤ ਹੈ ਗੁਪੀਆ ਪ੍ਰਸੰਨ ਭਈ ਐਸੀਭਾਂਤਿ ਚੰਦ੍ਰਮਾ ਚਢੇ ਤੇ ਜਿਉ ਬਿਰਾਜੈ ਸੇਤ ਹਰੀਆ ॥ ਰਸ ਹੀ ਕੀ ਬਾਤੈ ਰਸ ਰੀਤ ਹੀ ਕੇ ਪ੍ਰੇਮ ਹੂੰ ਮੈ ਕਹੈ ਕਵਿ ਸਿਯਾਮ ਸਾਥ ਕਾਨ ਜੂ ਕੇ ਖਰੀਆ ॥ ਮਦਨ ਕੇ ਹਾਰਿ ਸੋਂ ਬਨਾਇਬੇ ਕੇ ਕਾਜ ਮਾਨੋਂ ਹਿਤਕੈ ਪਰੋਵਤ ਹੈ ਮੋਤਨ ਕੀ ਲਰੀਆ ॥ ੨੭੦ ॥ ॥ ਸਵੈਯਾ ॥
ਕਾਹੇ ਕੋ ਕਾਨ ਜੂ ਕਾਮ ਕੇ ਬਾਨ ਲਗਾਵਤ ਹੌ ਤਨਕੇ ਧਨ ਭੌਹੈਂ ॥
ਕਾਹੇ ਕੋ ਨੇਹੁ ਲਗਾਵਤ ਹੋ ਮੁਸਕਾਵਤ ਹੋ ਚਲ ਆਵਤ ਸੌਹੈਂ ॥
ਕਾਹੇ ਕੋ ਪਾਗ ਧਰੋ ਤਿਰਛੀ ਅਰੁ ਕਾਹੇ ਭਰੋ ਤਿਰਛੀ ਤੁਮ ਗੌਹੈਂ ॥
ਕਾਹੇ ਰਿਝਾਵਤ ਹੋ ਮਨ ਭਾਵਤ ਆਹਿ ਦਿਵਾਵਤ ਹੈਂ ਹਮ ਸੌਹੈਂ ॥

॥ ੨੭੧ ॥ ॥ ਸਵੈਯਾ ॥

ਬਾਤ ਸੁਨੀ ਹਰਿ ਕੀ ਜਬ ਸ੍ਰੌਨਨ ਰੀਝ ਹਸੀ ਸਭ ਹੀ ਬ੍ਰਿਜਬਾਮੈ ॥
ਠਾਢੀ ਭਈ ਤਰ ਤੀਰ ਤਬੈ ਹਰੂਏ ਹਰੂਏ ਚਲ ਕੈ ਗਜ ਗਾਮੈ ॥
ਬੇਰ ਬਨੇ ਤਿਨ ਨੇਤ੍ਰਨ ਕੈ ਜਨ ਮੈਨ ਬਨਾਇ ਧਰੇ ਇਹ ਦਾਮੈ ॥
ਸਿਆਮ ਰਸਾਤੁਰ ਪੇਖਤ ਯੌਂ ਜਿਮ ਟੂਟਤ ਬਾਜ ਛੁਧਾ ਜੁਤ ਤਾਮੈ ॥
੨੭੨ ॥ ॥ ਸਵੈਯਾ ॥

ਕਾਮ ਸੇ ਰੂਪ ਕਲਾਨਿਧਿ ਸੇ ਮੁਖ ਕੀਰ ਸੇ ਨਾਗ ਕੁਰੰਗਸੇਨੈਨਨ॥
ਕੰਚਨ ਸੇ ਤਨ ਦਾਰਮ ਦਾਂਤ ਕਪੋਤ ਸੇ ਕੰਠ ਸੁ ਕੋਕਿਲ ਬੈਨਨ ॥
ਕਾਨ੍ਹ ਲਗਿਯੋਕਹਿਨੇਤਿਨਸੋ ਹਸਕੈਕਵਿਸਿਯਾਮਸਹਾਇਕਧੈਨਨ॥
ਮੋਹਿ ਲਯੋ ਸਭ ਹੀ ਮਨ ਮੇਰੇ ਸੁ ਭੌਹ ਨਚਾਇ ਤੁਮੈ ਸੰਗ ਸੈਨਨ ॥
੨੭੩ ॥ ॥ ਸਵੈਯਾ ॥

ਕਾਨ੍ਹ ਬਡੇ ਰਸ ਕੇ ਹਿਰੀਆ ਸਭ ਹੀ ਜਲ ਬੀਚ ਅਚਾਨਕਹੇਰੀ॥
ਸੌਂਹ ਕਹੋ ਜਸੁਧਾ ਤੁਮ ਬਾਤ ਕਿ ਸਾਰਥ ਕੋ ਇਹ ਜਾ ਹਮ ਘੇਰੀ॥
ਦੇਹੁ ਕਹਿਯੋ ਸਭ ਹੀ ਹਮਰੇ ਪਟ ਹੋਹਿ ਸਭੈ ਤੁਮਰੀ ਹਮ ਚੇਰੀ ॥
ਕੈਸੇ ਪ੍ਰਨਾਮ ਕਰੈਂ ਤੁਮਕੌਂ ਅਤਿ ਲਾਜ ਕਰੈਂ ਹਰਿ ਜੀ ਹਮ ਤੇਰੀ ॥
੨੭੪ ॥ ॥ ਸਵੈਯਾ ॥

ਪਾਪ ਕਰਿਯੋ ਹਰਿਕੈ ਤੁਮਰੇ ਪਟ ਔ ਤਰ ਪੈ ਚਢ ਸੀਤ ਸਹਾ ਹੈ ॥
ਜੋ ਹਮ ਪ੍ਰੇਮ ਛਕੇ ਅਤਿ ਹੀ ਤੁਮ ਕੋ ਹਮ ਢੂੰਢਤ ਢੂੰਢ ਲਹਾ ਹੈ ॥
ਜੋਰ ਪ੍ਰਨਾਮ ਕਰੋ ਹਮਕੋ ਕਰ ਸੌਂਹ ਲਗੈ ਤੁਮ ਮੋਰੀ ਹਹਾ ਹੈ ॥
ਕਾਨ੍ਹ ਕਹੀ ਹਸ ਬਾਤ ਸੁਨੋ ਸਭ ਚਾਰ ਭਈ ਤੁ ਬਿਚਾਰ ਕਹਾ ਹੈ ॥
੨੭੫ ॥ ॥ ਸਵੈਯਾ ॥

ਸੰਕ ਕਰੋ ਹਮਤੇ ਨ ਕਛੂ ਅਰੁ ਲਾਜ ਕਛੂ ਜੀਅ ਮੈ ਨਹੀ ਕੀਜੈ ॥
ਜੋਰ ਪ੍ਰਨਾਮ ਕਰੋ ਹਮ ਕੋ ਕਰ ਦਾਸਨ ਕੀ ਬਿਨਤੀ ਸੁਨ ਲੀਜੈ ॥
ਕਾਨ੍ਹ ਕਹੀ ਹਸਕੈ ਤਿਨ ਸੋ ਤੁਮਰੇ ਮ੍ਰਿਗ ਸੇ ਦ੍ਰਿਗ ਦੇਖਤ ਜੀਜੈ ॥
ਡੇਰਨ ਨਾਹਿ ਕਹੈ ਤੁਮਰੇ ਇਹ ਤੇ ਤੁਮਰੈ ਕਛੁ ਨਾਹਿ ਨ ਛੀਜੈ ॥
੨੭੬ ॥ ॥ ਦੋਹਰਾ ॥

ਕਾਨ੍ਹ ਜਬੈ ਪਢ ਨਾ ਢਏ ਡਬ ਗੋਪੀ ਸਭ ਧਾਰ ॥

ਕਾਨ੍ਹ ਕਹੈ ਸੋ ਕੀਜੀਐ ਕੀਨੋ ਇਹੈ ਬਿਚਾਰ ॥ ੨੭੭ ॥

॥ ਸਵੈਯਾ ॥

ਜੋਰ ਪ੍ਰਨਾਮ ਕਰੋ ਹਰਿ ਕੋ ਕਰ ਆਪਸ ਮੈ ਕਹਿਕੈ ਮੁਸਕਾਨੀ ॥
ਸਿਯਾਮ ਲਗੀਕਹਨੇ ਮੁਖਤੇ ਸਭਹੀ ਗੁਪੀਆ ਮਿਲਅੰਮ੍ਰਿਤਬਾਨੀ॥
ਹੋਹੁ ਪ੍ਰਸਨ ਕਹਿਯੋ ਹਮ ਪੈ ਕਰ ਬਾਤ ਕਹੀ ਤੁਮ ਸੋ ਹਮ ਮਾਨੀ ॥
ਅੰਤਰ ਨਾਹਿ ਰਹਯੋ ਇਹ ਜਾ ਅਬ ਸੋਊ ਭਲੀ ਤੁਮ ਜੋ ਮਨਮਾਨੀ॥
੨੭੮ ॥

॥ ਸਵੈਯਾ ॥

ਕਾਮ ਕੇ ਬਾਨ ਬਨੀ ਬਰਛੀ ਭਰੁਟੇ ਧਨ ਸੇ ਦ੍ਰਿਗ ਸੁੰਦਰ ਤੇਰੇ ॥
ਆਨਨ ਹੈ ਸਸਿ ਸੋ ਅਲਕੈਂ ਹਰਿ ਮੋਹਿ ਰਹੈ ਮਨ ਹੈਚਕ ਹੇਰੇ ॥
ਤਉ ਤੁਮ ਸਾਥ ਕਰੀ ਬਿਨਤੀ ਜਬ ਕਾਮਕਰਾਂ ਉਪਜੀ ਜੀਅਮੇਰੇ ॥
ਚੁੰਬਨ ਦੇਹੁ ਕਹਿਯੋ ਸਭ ਹੀ ਮੁਖ ਸੌਂਹ ਹਮੈਂ ਕਹਿ ਹੈ ਨਹਿ ਛੇਰੇ ॥
੨੭੯ ॥

॥ ਸਵੈਯਾ ॥

ਹੋਇ ਪ੍ਰਸੰਨ ਸਭੈ ਗੁਪੀਆਂ ਮਿਲ ਮਾਨ ਲਈ ਜੋਊ ਕਾਨਕਹੀਹੈ ॥
ਜੋਰ ਹੁਲਾਸ ਬਢਿਯੋ ਜੀਅਮੈ ਗਿਣਤੀ ਸਰਤਾ ਮਗ ਨੇਹ ਬਹੀਹੈ ॥
ਸੰਕ ਛੁਟੀ ਦੁਹੂੰ ਕੇ ਮਨ ਤੇ ਹਸਕੈ ਹਰਿ ਤੋ ਇਹ ਬਾਤ ਕਹੀ ਹੈ ॥
ਬਾਤਸੁਨੋ ਹਮਰੀ ਤੁਮਹੂੰ ਹਮਕੋ ਨਿਧ ਆਨੰਦਆਜਲਹੀਹੈ॥੨੮੦॥

॥ ਸਵੈਯਾ ॥

ਤੌ ਫਿਰ ਬਾਤ ਕਹੀ ਉਨਹੂੰ ਸੁਨ ਰੀ ਹਰਿ ਜੂ ਪਿਖ ਬਾਤ ਕਹੀ ॥
ਸੁਨ ਜੋਰ ਹੁਲਾਸ ਬਢਿਯੋ ਜੀਅਮੈ ਗਿਣਤੀ ਸਰਤਾ ਮਗਨੇਹਬਹੀ॥
ਅਬ ਸੰਕ ਛੁਟੀ ਇਨਕੇ ਮਨਕੀ ਤਬਹੀਂ ਹਸਕੈ ਇਹ ਬਾਤ ਕਹੀ ॥
ਅਬ ਸੱਤਭਯੋ ਹਮਕੋ ਦੁਰਗਾ ਬਰ ਮਾਤ ਸਦਾਇਹਸੱਤਸਹੀ॥੨੮੧
ਕਾਨ੍ਹ ਤਬੈ ਕਰ ਕੇਲ ਤਿਨੋ ਸੰਗ ਪੈ ਘਟ ਦੇਕਰ ਛੋਰ ਦਈ ਹੈਂ ॥
ਹੋਇ ਇਕੱਤ੍ਰ ਤਬੈ ਗੁਪੀਆਂ ਸਭ ਚੰਡ ਸਰਾਹਤ ਧਾਮ ਗਈ ਹੈਂ ॥
ਆਨੰਦ ਅਤਿਸੈਬਢਿਯੋ ਤਿਨਕੇਜੀਅ ਸੋ ਉਪਮਾ ਕਵਿਚੀਨਲਈਹੈ॥
ਜਿਉਂ ਅਤਿ ਮੇਘਪਰੈ ਧਰਪੈ ਧਰ ਜਿਯੋਂ ਸਭਹੀ ਸੁਭਰੰਗ ਭਈ ਹੈ
॥ ੨੮੨ ॥

ਬਸ ਫਿਰ ਕੀ ਸੀਃ—

"ਨੇਹੁ ਲਗਿਯੋ ਤਿਨਕੋ ਹਰਿ ਸੋ, ਅਰ ਨੇਹੁ ਲਗਿਯੋ ਹਰਿਕੋ ਇਨ ਨਾਰੇ। ਚੈਨ ਪਰੈ ਦੁਹ ਕੋ ਨਹਿ ਦ੍ਵੈ ਪਲ ਨ੍ਹਾਵਨ ਜਾਵਤ ਹੋਤ ਸਵਾਰੇ" ॥ ੨੯੪ ॥

ਅੰਤ ਕਵੀ ਇਤਿਆਦ ਪ੍ਰਸੰਗਾਂ ਨੂੰ ਵਰਨਣ ਕਰਦਾ ਹੋਇਆ ਇਸ ਦਸਮ ਭਾਗ ਨੂੰ ਅੰਕ ਛੰਦ ੪੩੨ ਪਰ "ਦੇਵੀ ਜੀ ਕੀ ਉਸਤਤਿ" ਦ੍ਵਾਰਾ ਜਿਸ ਦ੍ਵਾਰਾ ਉਸਨੇ ਇਸਨੂੰ ਆਰੰਭ ਕੀਤਾ ਸੀ ਸਮਾਪਤ ਕਰਦਾ ਹੈ ॥

ਨੋਟ

ਇਸ ਦਸਮ ਭਾਗਦੀ ਸਮਾਪਤੀ ਪਰ ਗੁਰੂ ਮਹਾਰਾਜ ਜੀਨੇ ਅੰਕ ੪੩੩ ਤੋਂ ੪੩੮ ਤਕ "ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ" ਆਦਿ ਦਾ ਅਪਣੀ ਵਲੋਂ ਨੋਟ ਦੇਕੇ ਆਪਣੇ ਭਾਵ ਨੂੰ ਸਫੁਟ ਕੀਤਾ ਹੈ ॥

(੨) ਰਾਸ ਮੰਡਲ--ਇਸ ਵਿਚ "ਕਰ ਪਕਰ ਖੇਲਨਾ" ਕੁੰਜਗਲੀ ਵਿਚ ਨਾਚ ਕਰਨਾਂ, ਗੋਪਨ ਸੋ ਰਾਸ ਕਰਨਾ ਰਾਧਕਾਂ ਸੇ ਪ੍ਰੇਮ ਹੋਣਾ ਤੇ ਉਸਦੇ ਰੁਦਨ ਪਰ ਰਾਧਕਾਂ ਜੀ ਦੀ ਮਾਨ ਲੀਲਾ ਤੇ ਰਾਸ ਲੀਲਾ ਪੁਨਃ—ਕ੍ਰਿਸ਼ਨ ਜੀ ਦਾ ਭਿੰਨ ੨ ਯਤਨਾਂ ਦ੍ਵਾਰਾ ਰਾਧਕਾਂ ਨੂੰ ਮਨਾਕੇ ਜਮਨਾ ਮੈਂ ਬਿਹਾਰ ਕਰਨੇ ਦਾ ਹੇਠਲਾ ਪ੍ਰਸੰਗ ਲਿਖਕੇ "ਰਾਸ ਮੰਡਲ" ਨੂੰ ਸਮਾਪਤ ਕਰਨਾ ਹੈ। ਯਥਾ ਪ੍ਰਸੰਗਃ—

॥ ਕਾਨ ਜੂ ਬਾਚ ਰਾਧੇ ਸੋਂ ॥ ॥ ਸਵੈਯਾ ॥

ਹਰਿਜੂ ਇਮ ਰਾਧਕਾਂ ਸੰਗ ਕਹੀ ਜਮਨਾਮੇਂ ਤਰੋਂ ਤੁਮਕੋਗਹਿਹੈਂ ॥
ਜਲ ਮੇਂ ਹਮ ਕੇਲ ਕਰੇਂਗੇ ਸੁਨੋ ਰਸ ਬਾਤ ਸਭੈ ਸੁ ਤਹਾਂ ਕਹਿ ਹੈਂ॥
ਜਿਹ ਓਰ ਨਿਹਾਰ ਬਧੂ ਬ੍ਰਿਜਕੀ ਲਲਚਾਇ ਮਨੈਪਿਖਬੋਚਹਿਹੈਂ ॥
ਪਹੁਚੈਗੀ ਨਹੀਂ ਤਿਹ ਗ੍ਵਾਰਨਏਕ ਹਮਹੂ ਤੁਮਰੀਝ ਤਹਾਂ ਰਹਿ ਹੈਂ॥
੭੫੦ ॥

॥ ਸਵੈਯਾ ॥

ਬ੍ਰਿਖਭਾਨਿ ਸੁਤਾ ਹਰਿਕੇ ਮੁਖਤੇ ਜਲਪੈਠਨਕੀ ਬਤੀਆਸੁਨਪਾਈ ॥
ਧਾਇਕੈ ਜਾਇ ਪਰੀ ਸਰਮੈ ਕਰਿਕੈ ਅਤਿ ਹੀ ਬ੍ਰਿਜਨਾਥਵਡਾਈ ॥
ਤਾਹੀਕੋ ਪਾਛੈ ਤੇ ਸਜਾਮ ਪਰੇ ਕਵਿਕੇ ਮਨਮੈਂ ਉਪਮਾਇਹਆਈ ॥
ਮਾਨਹੁ ਸਜਾਮਜੂਬਾਜ ਪਰਿਯੋਪਿਖਕੈਬ੍ਰਿਜਨਾਰਕੋ ਜਿਯੋਂ ਮੁਰਗਾਈ
॥ ੭੫੧ ॥

॥ ਸਵੈਯਾ ॥

ਬ੍ਰਿਜ ਨਾਥ ਤਬੈ ਧਸਿਕੈ ਜਲ ਮੈ ਬ੍ਰਿਜ ਨਾਰਸੋਊ ਤਬਜਾਇਗਹੀ॥
ਹਰਿਕੋ ਤਨਭੇਟ ਹੁਲਾਸ ਬਢਿਯੋ ਗਿਨਤੀ ਮਨਕੀਜਲਭਾਂਤ ਬਹੀ ॥
ਜੋਊਆਨੰਦਬੀਚ ਬਢਿਯੋਮਨਕੇ ਕਵਿ ਤਉਮੁਖਤੇ ਕਥਾਭਾਖ ਕਹੀ ॥
ਪਿਖਿਯੋ ਜਿਨਹੂੰ ਸੋਊ ਰੀਝ ਰਹਿਯੋ ਪਿਖਕੈਜਮਨਾਜਿਹਰੀਝਰਹੀ ॥
੭੫੨ ॥

ਨੋਟ

ਇਸ ਰਾਸ ਮੰਡਲ ਵਿਚ ਤਾਂ ਐਸੇ ੨ ਅਨੇਕਾਂ ਹੀ ਉੱਤਮ ਪ੍ਰਸੰਗ ਹਨ, ਜਿਨਾਂ ਦੁਆਰਾ ਕ੍ਰਿਸ਼ਨ ਜੀ ਦੇ ਅਖਲਾਕ ਤੇ ਚਾਲ ਚਲਨ ਆਦਿ ਦਾ ਪੂਰਣ ਫੋਟੋ ਖਿੱਚਕੇ ਵਿਖਾਯਾ ਹੋਯਾਹੈ। ਜਾਪਦਾਹੈ ਜੋ ਇਹੋ ਕ੍ਰਿਯਾ ਕਰਕੇ ਹੀ ਕ੍ਰਿਸ਼ਨ ਜੀ ਨੂੰ ਸੋਲਾਂ ਕਲ ਸੰਪੂਰਣ ਮੰਨਿਆਂ ਜਾਂਦਾ ਹੈ। ਧੰਨਜ ਧੰਨਜ ! ਤਦੇ ਹੀ ਦਸਮੇਸ਼ ਜੀ ਨੇ ਲਿਖਾ ਹੈ:—

"ਮੈ ਨ ਗਨੇਸਹ ਪ੍ਰਿਥਮ ਮਨਾਊਂ ।
ਕਿਸ਼ਨ ਬਿਸ਼ਨ ਕਬਹੂੰ ਨ ਧਿਆਊਂ ॥

(੩) ਵਿਰਹ ਨਾਟਕ -ਇਸ ਵਿਚ ਕ੍ਰਿਸ਼ਨ ਜੀ ਦੇ ਅਕੂਰ ਹੱਥੀਂ ਕੰਸ ਦੇ ਬੁਲਾਣ ਪਰ ਮਥਰਾ ਨੂੰ ਜਾਣ ਦਾ ਹਾਲ ਹੈ ਤੇ ਇਸ ਸਮਯ ਦੇ ਵਿਛੋੜੇ ਪਰ ਗੋਪੀਆਂ ਤੇ ਰਾਧਕਾਂ ਦਾ ਰੁਦਨ ਤੇ ਵਿਰਲਾਪ ਦੇ ਵਿਯੋਗ ਮਈ ਅਧਿਭੁਤ ਨਜ਼ਾਰੇ ਦਾ ਵਰਨਣ ਹੈ। ਗੋਪੀਆਂ ਦੀ "ਵਿਰਹੋਂ ਤ੍ਰਿਦੋਖ ਅਵਸਥਾ" ਨੂੰ ਇਸ ਭਾਗ ਵਿਚ ਪੂਰੀ ਤਰ੍ਹਾਂ ਖੋਹਲਕੇ ਦਸਿਆ ਹੋਯਾ ਹੈ ॥

(੪) ਜੁੱਧ ਪ੍ਰਬੰਧ--ਇਸ ਭਾਗ ਵਿਚ ਕ੍ਰਿਸ਼ਨ ਜੀਨੇ (ੳ) ਜੋ ਬਡੇ ੨ ਜੁੱਧ ਕੀਤੇ ਹਨ, ਉਨ੍ਹਾਂਦਾ ਵਰਨਣ ਹੈ। ਸਭ ਤੋਂ ਭਾਰੀ ਜੁੱਧ ਕ੍ਰਿਸ਼ਨਜੀਦਾ ਕੰਸ ਮਾਰਕੇ ਉਗਰਸੈਣਕੋ ਰਾਜ ਦੇਣ ਪਸਚਾਤ "ਜਰਾ ਸਿੰਧ" ਕੰਸ ਦੇ ਸਸੁਰੇ ਤੇ ਉਸਦੇ ਜੋਧੇ ਖੜਕ ਸਿੰਘ ਸ਼ਕਤ ਸਿੰਘ ਆਦਿਕਾਂ ਨਾਲ ਹੋਇਆ ਹੈ, ਇਹ ਭਾਗ ਅਧਜਾਯ ੩੬ ਅੰਕ ਛੰਦ ੧੦੨੯ ਤੋਂ ਪ੍ਰਾਰੰਭ ਹੁੰਦਾ ਹੈ। ਛੰਦ ੧੮੯੮ ਤਕ ਕ੍ਰਿਸ਼ਨ ਜੀ ਨੇ "ਜਰਾ ਸਿੰਧ" ਕੋ ਰਣ ਭੀਤਰ ਪਕੜਕੇ ਛੋੜ ਦੇਣ ਤੇ ਜਰਾ ਸਿੰਧ ਦਾ ਅਪਣੇ ਗ੍ਰਿਹਿ ਕੋ ਚਲੇ ਜਾਣੇ ਦਾ ਪ੍ਰਸੰਗ ਹੈ, ਜਿਸਨੂੰ ਕਵਿ ਨੇ ਅਪਣੇ ਹੇਠਲੇ ਦੋਹਰੇ ਦ੍ਵਾਰਾ ਸਮਾਪਤ ਕੀਤਾ ਹੈ, ਯਥਾਃ—

॥ ਦੋਹਰਾ ॥

ਕ੍ਰਿਸ਼ਨ ਜੁਧ ਜੋ ਹਉਂ ਕਹਿਯੋ ਅਤਿ ਹੀ ਸੰਗ ਸਨੇਹੁ ॥
ਜਿਹ ਲਾਲਚ ਇਹ ਮੈਂ ਕਹਿਯੋ ਮੋਹਿ ਵਹੈ ਬਰ ਦੇਹੁ ॥੧੮੯੮॥

ਨੋਟ

ਇਥੇ (ਕਵਿ ਦੇ ਆਸ਼ੇ ਅਨੁਸਾਰ ਹੀ) ਦਸਮੇਸ਼ ਜੀ ਨੇ ਅਪਣੀ ਵਲੋਂ ਅੰਕ ੧੮੯੯–੧੯੦੦–"ਹੇ ਰਵਿ ਹੇ ਸਸਿ ਹੇ ਕਰੁਣਾ ਨਿਧ" ਸਵੈਯੇ ਦ੍ਵਾਰਾ ਸਮੀਖਯਾ ਦੇਕੇ ਸਾਨੂੰ ਭੀ ਐਸੀ ਬਿਨਯ ਕਰਨ ਦੀ ਸਿਖਯਾ ਦਿਤੀ ਹੈ ॥

(ਅ) ਇਸਦੇ ਪਸਚਾਤ ਜਰਾ ਸਿੰਧ ਨੇ ਫਿਰ ਅਪਣੇ ਮਿਤ੍ਰ "ਕਾਲ ਜਮਨ" ਕੋ ਸਾਥ ਲੈਕੇ ਜੰਗ ਦੀ ਚੜ੍ਹਾਈ ਕਰਨਾ ਤੇ ਘੋਰ ਜੁਧ ਦਾ ਪ੍ਰਸੰਗ ਹੈ ਜੋ ੧੯੦੨ ਤੋਂ ੧੯੫੦ ਛੰਦ ਤਕ ਹੈ। ਇਸਤੋਂ ਅਗੇ ਬਲਭਦਰ ਦਾ ਵਿਆਹ, ਰੁਕਮਨੀ ਦੇ ਹਰਨ ਦਾ ਪ੍ਰਸੰਗ, ਪਰਦੁਮਨ ਦਾ ਜਨਮ ਤੇ ਰੁਕਮਨੀ ਉਪਹਾਸ ਦਾ ਪ੍ਰਸੰਗ ਹੈ। ਪੁਨਃ—ਜਰਾ ਸਿੰਧ ਬਧਹ ਆਦਿ ਜੁਧਾਂ ਜੱਗਾਂ ਤੇ ਦ੍ਵਿਜ ਕੋ ਜਮ ਲੋਕ ਤੇ ਸਾਤ ਪੁਤ੍ਰ ਸ਼ੇਖ ਸ਼ਾਈ ਤੇ ਲੈਕੇ ਦੇਣ ਦਾ ਪ੍ਰਸੰਗ ਵਰਨਣ

ਕਰਦਿਆਂ ਹੋਇਆਂ **ਕ੍ਰਿਸ਼ਨ ਜੂ ਜਲ ਬਿਹਾਰ ਤ੍ਰੀਯਾ ਸੰਗ''** ਦਾ ਇਹ ਹੇਠਲਾ ਪ੍ਰਸੰਗ ਲਿਖਿਆ ਹੈ, ਯਥਾਃ—

॥ ਸਵੈਯਾ ॥

ਕੰਚਨ ਕੀ ਜਿਹ ਦ੍ਵਾਰਵਤੀ ਤਿਹ ਠਾਂ ਜਬਹੀ ਬ੍ਰਿਜ ਭੂਖਨ ਆਯੋ ॥
ਲਾਲਲਗੇ ਜਿਹਠਾਂ ਮਨ ਬੱਜ੍ਰ ਭਲੇ ਬ੍ਰਿਜਨਾਇਕ ਬਿਉਤਬਨਾਯੋ॥
ਤਾਲ ਕੇ ਬੀਚ ਤਰੈ ਨੰਦ ਨੰਦਨ ਸੋਕ ਸਭੈ ਚਿਤ ਕੋ ਬਿਸਰਾਯੋ ॥
ਲੈ ਤ੍ਰੀਆ ਬਾਲਕ ਦੈ ਦਿਜਕੋ ਤਬ ਸ੍ਰੀ ਬ੍ਰਿਜਨਾਥ ਬਡੇ ਜਸੁਪਾਯੋ॥
੨੪੭੧ ॥ ॥ ਸਵੈਯਾ ॥
ਤ੍ਰੀਅਨਸੋ ਜਲਮੈ ਬ੍ਰਿਜਨਾਇਕ ਸਿਯਾਮਭਨੈ ਰੁਚਿਸਿਉਲਪਟਾਏ॥
ਪ੍ਰੇਮ ਬਢਿਯੋ ਉਨਕੇ ਅਤਿਹੀ ਪ੍ਰਭ ਕੇ ਲਗੀ ਅੰਗ ਅਨੰਗ ਬਢਾਏ॥
ਪ੍ਰੇਮ ਸੋ ਏਕਹੀ ਹੁਇ ਗਈ ਸੁੰਦਰਿ ਰੂਪ ਨਿਹਾਰ ਰਹੀ ਉਰਝਾਏ॥
ਪਾਸਹੀ ਸਿਯਾਮਜੂ ਰੂਪਰਚੀ ਤ੍ਰੀਆ ਹੇਰ ਰਹੀ ਹਰਿਹਾਥ ਨ ਆਏ
॥ ੨੪੭੨ ॥ ॥ ਸਵੈਯਾ ॥
ਰੂਪ ਰਚੀ ਸਭ ਸੁੰਦਰਿ ਸਿਯਾਮ ਕੇ ਸਿਯਾਮਭਨੈ ਦਸਹੂੰਦਿਸ ਦੌਰੈ॥
ਕੁੰਕਮ ਬੇਦ ਲਿਲਾਟ ਦੀਏ ਸੁ ਦੀਏ ਤਿਨ ਊਪਰ ਚੰਦਨ ਖੌਰੈ ॥
ਮੈਨ ਕੇ ਬੱਸ ਭਈ ਸਭ ਭਾਂਮਨਿ ਧਾਈ ਫਿਰੈਂ ਫੁਨ ਧਾਮਨ ਓਰੈ ॥
ਐਸ ਰਟੈਂ ਮੁਖਤੇ ਹਮਕਉ ਤਜਿ ਹੋ ਬ੍ਰਿਜਨਾਥ ਗਯੋ ਕਿਹ ਠੌਰੈ ॥
੨੪੭੩ ॥ ॥ ਸਵੈਯਾ ॥
ਢੂੰਡਤ ਏਕ ਫਿਰੈ ਹਰਿ ਸੁੰਦਰਿ ਚਿੱਤ ਬਿਖੈ ਸਭ ਭਰਮ ਬਢਾਈ ॥
ਬੇਖ ਅਨੂਪ ਸਜੇ ਤਨਪੈ ਤਿਨ ਬੇਖਨਕੋ ਬਰਨਿਓ ਨਹੀ ਜਾਈ ॥
ਸੰਕ ਕਰੈ ਨ ਰਰੈ ਹਰਿਹੀ ਹਰਿ ਲਾਜਹਿ ਬੇਚ ਮਨੋ ਤਹਿ ਖਾਈ ॥
ਐਸ ਕਹੈਂਤਜਿਗਿਯੋ ਕਿਹ ਠਾਂ ਤਿਹ ਹੋਬ੍ਰਿਜਨਾਇਕਦੇਹੁਦਿਖਾਈ॥
੨੪੭੪ ॥ ॥ ਦੋਹਰਾ ॥
ਬਹੁਤ ਕਾਲ ਮੂੰਛਤ ਭਈ ਖੇਲਤ ਹਰਿਕੇ ਸਾਥ ॥
ਮੂੰਛਤ ਹ੍ਵੈ ਤਿਨ ਯੌਂ ਲਖਿਯੋ ਹਰਿ ਆਏ ਅਬ ਹਾਥ ॥ ੨੪੭੫ ॥

॥ ਦੋਹਰਾ ॥

ਹਰਿਜਨ ਹਰਿਸੰਗ ਮਿਲਤ ਹੈਂ ਸੁਨਤ ਪ੍ਰੇਮ ਕੀ ਗਾਥ ॥
ਜਿਉਂ ਡਾਰਿਓ ਮਿਲ ਜਾਤ ਹੈ ਨੀਰ ਨੀਰ-ਕੇ ਸਾਥ ॥
੨੪੭੬ ॥ ॥ ਚੌਪਈ ॥

ਜਲਤੇ ਤਬ ਹਰਿ ਬਾਹਰ ਆਏ । ਅੰਗਹ ਸੁੰਦਰ ਬਸਤ੍ਰ ਬਨਾਏ ॥
ਕਾ ਉਪਮਾਂ ਤਿਹ ਕੀ ਕਬਿ ਕਹੈ ॥ ਪੇਖਤ ਮੈਨ ਰੀਝਕੈ ਰਹੈ ॥
੨੪੭੭ ॥ ॥ ਚੌਪਈ ॥

ਬਸਤ੍ਰ ਤ੍ਰੀਅਨ ਹੂੰ ਸੁੰਦਰ ਧਰੇ ॥ ਦਾਨ ਬਹੁਤ ਬਿੱਪ੍ਰਨ ਕਉ ਕਰੇ ॥
ਜਿਹ ਤਿਹ ਠਾ ਹਰਿਕੋ ਗੁਨਗਾਯੋ। ਤਿਹ ਦਾਰਦਧਨ ਦੇਇ ਗਵਾਯੋ
॥ ੨੪੭੮ ॥ ਚੌਪਈ ॥

ਹਰਿਕੇ ਸੰਤਕਬਢੀ ਸੁਨਾਊਂ ॥ ਤਾਂਤੇ ਪ੍ਰਭੂ ਲੋਗਨ ਰਿਝਵਾਊਂ ॥
ਜੋ ਇਹ ਕਥਾ ਤਨਕ ਸੁਨ ਪਾਵੈ ॥ ਤਾਕੋ ਦੋਖ ਦੂਰ ਹੁਇ ਜਾਵੈ ॥
॥ ੨੪੭੯ ॥

ਵਾਹ ! ਦੇਖਿਆ ਜੇ ! ਇਸ ਕਥਾ ਦਾ ਮਹਾਤਮ ਭੀ ਕੈਸਾ ਉੱਤਮ ਦੱਸਿਆ ਹੈ ॥ ਯਥਾ:—

ਜੋ ਇਹ ਕਥਾ ਤਨਕ ਸੁਨ ਪਾਵੈ ॥
ਤਾਂਕੋ ਦੋਖ ਦੂਰ ਹੁਇ ਜਾਵੈ ॥

ਫਿਰ ਕਿਉਂ ਨ ਸਾਡੇ ਭਰਾ ਇਸਦੇ ਅਨੁਸਾਰੀ ਹੋਵਨ, ਤੇ ਇਸਨੂੰ ਗੁਰਬਾਣੀ ਮੰਨਕੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਸਮਾਨ ਤੁਲਤਾ ਦੇਵਨ ?

ਇਸਤੋਂ ਅਗੇ ਕ੍ਰਿਸ਼ਨ ਜੀ ਦੀ ਉਪਮਾਂ ਵਿਚ ਕੁਝਕ ਛੰਦ ਕਹਿਕੇ "ਭਾਗਵਤ" ਨੂੰ ਇਸ ਦੋਹਿਰੇ ਦ੍ਵਾਰਾ ਪੂਰਣ ਕੀਤਾ ਹੈ ॥

ਯਥਾ:—ਦੋਹਰਾ

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ।
ਅਵਰ ਵਾਸ਼ਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥

ਨੋਟ

ਇਸ ਗ੍ਰੰਥ ਦੀ ਸਮਾਪਤੀ ਪਰ ਸ੍ਰੀ ਗੁਰੂ ਦਸਮ ਪਾਤਿਸ਼ਾਹ ਜੀ ਨੇ "ਧੰਨ ਜੀਓ ਤਿਹਕੋ ਜਗ ਮੈਂ ਮੁਖ ਤੇ ਹਰਿ ਚਿੱਤ ਮੈਂ ਜੁੱਧ ਬਿਚਾਰੈ ॥ ੨੪੯੦ ॥" ਵਾਲੇ ਸਵੈਯੇ ਦ੍ਵਾਰਾ ਸਮੀਖਜਾ ਦੇ ਕੇ ਕ੍ਰਿਸ਼ਨਾਵਤਾਰ ਨੂੰ ਸੰਪੂਰਨ ਕੀਤਾ ਹੈ ॥

(੨੨) ਬਾਈਸਵਾਂ ਅਰਜਨ ਨਰ ਅਵਤਾਰ ਤੇ ਉਸਦੇ ਜੁੱਧ ਕਰਨ ਦਾ ਕੁਝਕ ਵੇਰਵਾ ਹੈ ॥

(੨੩) ਤੇਈਸਵਾਂ ਬੋਧ ਅਵਤਾਰ ਹੈ ਜਿਸਦਾ ਨਾਉਂ ਠਾਉਂ ਕੋਈ ਨਹੀਂ ਕੇਵਲ ਇਹੀ ਲਛਣ ਦਿੱਤਾ ਹੈ ॥ ਯਥਾ:—

"ਸਿਲਾ ਸਰੂਪ ਵਰਤਤ ਜਗਤ,
ਸੋਊ ਬੋਧ ਅਵਤਾਰ ॥"

(੨੪) ਕਲਕੀ ਅਵਤਾਰ

ਇਹ ਹਿੰਦੂਆਂ ਦਾ ਚੌਬੀਸਵਾਂ ਅਵਤਾਰ ਹਿੰਦੂ ਮਤ ਦੇ ਪ੍ਰਚਾਰ ਤੇ ਬ੍ਰਿਧੀ ਵਾਸਤੇ ਹੋਣਾਂ ਲਿਖਾ ਹੈ । ਇਸ ਅਵਤਾਰ ਦੇ ਪ੍ਰਗਟ ਹੋਣ ਦਾ ਕਾਰਣ ਅੰਕ ੧੬੨ ਤੋਂ ੧੭੮ ਤਕ ਇਹ ਦੱਸਿਆ ਹੈ ਕਿ ਇਕ ਬ੍ਰਾਹਮਣ ਨੂੰ ਦੇਵੀ ਦੀ ਪੂਜਾ ਕਰਨ ਬਦਲੇ ਰਾਜਾ ਨੇ ਕਤਲ ਦਾ ਹੁਕਮ ਦੇਣਾ ਹੈ, ਜਿਸ ਪਰ ਕਲਿਕੀ ਨੇ ਪ੍ਰਗਟ ਹੋਕੇ ਰਾਜਾ ਨੂੰ ਮਾਰਨਾ ਤੇ ਦੇਵੀ ਦੀ ਪੂਜਾ ਦਾ ਵੇਦ ਅਨੁਸਾਰ ਖੁਲੇ ਤੌਰ ਪ੍ਰਚਾਰ ਕਰਨਾ ਹੈ ॥

ਇਸਦਾ ਪੂਰਣ ਪ੍ਰਸੰਗ ਭਵਿੱਖਤ ਪੁਰਾਣ ਤੇ ਕਲਿਕੀ ਪੁਰਾਣ ਵਿਚ ਹੈ ਜਿਥੋਂ ਕਿ ਕਵਿ ਨੇ ਲੈਕੇ ਸਾਡੀ ਸੰਬੋਧਤਾ ਹਿਤ ਉਲਥਾ ਕੀਤਾ ਹੈ, ਉਥੇ ਲਿਖਾ ਹੈ ਕਿ ਜਦ ਘੋਰ ਕਲਿਜੁਗ ਆਊ ਤਦੋਂ ਵੇਦ ਪੁਰਾਣਾਂ ਨੂੰ ਕੋਈ ਨਹੀਂ ਪੜੂ ਤੇ ਨਾਹੀਂ ਉਨ੍ਹਾਂ ਦੇ ਬਚਨਾਂ ਨੂੰ ਕੋਈ ਮੰਨੂ, ਲੋਕੀ ਸਿੰਮ੍ਰਿਤੀਆਂ ਦਾ ਸੁਣਨਾ ਤੇ ਦੇਵੀ ਦੇਵਤਿਆਂ ਦੀ ਪੂਜਾ ਕਰਨੀ ਉੱਕੀ ਛੱਡ ਜਾਣਗੇ, ਬਲਕਿ ਰਾਜ ਦੇ ਦ੍ਵਾਰਾ ਜਬਰਨ ਬੰਦ ਕੀਤੇ ਜਾਣਗੇ ਤੇ ਬਿਭਚਾਰ ਆਮ ਫੈਲ

ਜਾਸੀ ਤਾਂ ਉਸ ਵੇਲੇ ਕਲਿਕੀ ਅਵਤਾਰ ਹੋਊ ॥

ਇਸੇ ਤਰਾਂ ਮੁਸਲਮਾਨਾਂ ਦੇ ਲਿਖਿਆ ਹੈ ਕਿ ਜਦੋਂ ਕਜਾਮਤ ਨੇੜੇ ਆਊ ਤਦੋਂ ਲੋਕੀ ਕੁਰਾਣ ਪੜ੍ਹਨਾਂ ਤੇ ਨਿਮਾਜ਼ ਰੋਜ਼ੇ ਰੱਖਣਾਂ ਛੱਡ ਜਾਣਗੇ ਤੇ ਕੋਈ ਤਸਬੀ ਹੱਥ ਵਿਚ ਨਹੀਂ ਫੜੂ, ਸ਼ਰਹਾ ਦਾ ਹੁਕਮ ਮੰਨਣਾਂ ਉੱਕਾ ਰਹਿ ਜਾਊ ਤੇ ਅਤਜਾਚਾਰ ਸਾਰੇ ਫੈਲ ਜਾਊ ਤਦੋਂ ਉਸ ਸਮਯ ਮੀਰ ਮਹਿੰਦੀ ਪੈਗੰਬਰ ਹੋਊ । ਸੋ ਕਵੀ ਨੇ ਉਲਥਾ ਕਰਨੇ ਸਮਯ ਇਸ ਮੂਲ ਭਾਵ ਨੂੰ ਅਪਣੀ ਕਵਿਤਾ ਦ੍ਵਾਰਾ ਇਸ ਤਰਾਂ ਇਸ ਨਿਹਕਲੰਕੀ ਅਵਤਾਰ ਵਿਚ ਇਕੱਠਾ ਕਰਕੇ ਪ੍ਰਗਟ ਕੀਤਾ ਹੈ; ਯਥਾਃ—

ਅਤਿ ਬਿਭਚਾਰ ਫਸੀ ਬਰ ਨਾਰੀ ।
ਧਰਮ ਰੀਤ ਕੀ ਪ੍ਰੀਤਿ ਬਿਸਾਰੀ ॥ ੪ ॥

ਭਿੰਨਭਿੰਨ ਗ੍ਰਿਹਗ੍ਰਿਹ ਮਤ ਹੋਈ।ਸ਼ਾਸਤ੍ਰ ਸਿੰਮ੍ਰਿਤਿ ਛੁਐ ਨਕੋਈ॥੬
ਆਪ ਆਪ ਪਾਰਬ੍ਰਹਮ ਕਹੈਹੈ। ਨੀਚ ਊਚਕਹ ਸੀਸਨਨੈਹੈ॥੧੨॥
ਪੜ੍ਹਹੈ ਨ ਕੋਈ ਭੂਲ ਪੁਰਾਨਾ। ਕੋਊ ਨ ਪਕਰੇ ਪਾਨ ਕੁਰਾਨਾ ॥
ਬੇਦ ਕਤੇਬ ਜਵਨਕਰਿਲਹਿਹੈਂ । ਤਾਕਹਿਗੋਬਰਗਨਮੋਦਹਿਹੈ੧੩
ਦੇਵ ਪੀਰ ਬਿਸਾਰ ਕੈ ਪਰਮੇਸ੍ਵਰ ਆਪ ਕਹਾਹਿੰਗੇ ॥੧੯॥
ਮੁਖ ਬੇਦ ਔਰ ਕਤੇਬ ਕੋ ਕੋਈ ਨਾਮ ਲੈਨ ਨ ਦੇਹਿੰਗੇ ।
ਹਿਤ ਆਪਨੇ ਤਿਹ ਠਉਰ ਭੀਤਰ ਜੰਤ੍ਰ ਮੰਤ੍ਰ ਉਚਾਰ ਹੈ ॥ ੨੦ ॥
"ਪੁਰਾਨ ਕਾ ਬਿਨਾਂ ਪੜ੍ਹੇ ਕੁਰਾਨ ਲੈਨ ਤੇ ਰੜੇ" ॥ ੪੭ ॥
ਨਹਿ ਬੇਦ ਵਾਕ ਪ੍ਰਮਾਨ ਹੈ। ਮਤ ਭਿੰਨ ਭਿੰਨ ਬਖਾਨ ਹੈ ॥
ਨ ਕੁਰਾਨ ਕੋ ਮਤ ਲੇਂਹਗੇ। ਨ ਪੁਰਾਣ ਦੇਖਨ ਦੇਹਿੰਗੇ ॥ ੬੧ ॥

ਅੰਕ ੬੮ "ਮਾਨ ਹੈ ਨ ਬੇਦ ਨ ਸਿੰਮ੍ਰਿਤਿ ਨ ਕਤੇਬ ਲੋਕ ਲਾਜ ਤਜਿ ਨਾਚੇ"

ਅੰਕ ੧੦੮ "ਜਪ ਹੈ ਨ ਦੇਵੀ ਅਲਖ ਅਭੇਵੀ ਆਦਿ ਅਜੇਵੀ ਧਰਮ ਜੁਧੀ"

ਅੰਕ ੧੨੭ "ਕਹੂੰ ਨ ਪੂਜਾ ਕਹੂੰ ਨ ਅਰਚਾ, ਕਹੂੰ ਨ ਸ੍ਰੁਤਿ ਧੁਨਿ ਸਿੰਮ੍ਰਿਤਿ ਨ ਚਰਚਾ। ਕਹੂੰ ਨ ਹੋਮੰ ਕਹੂੰ ਨ ਦਾਨੰ" ॥

ਕਹੂੰ ਨ ਸੰਜਮ ਕਹੂੰ ਨਾ ਇਸਨਾਨੈ॥

ਅੰਕ੧੨੯॥"ਕਹੂੰ ਨ ਚਰਚਾ ਕਹੂੰ ਨ ਬੇਦੰ ॥ ਕਹੂੰ ਨਿਵਾਜ ਨ ਕਤਹੂੰ ਕਤੇਬੰ ॥ ਕਹੂੰ ਨ ਤਸਵੀ ਕਹੂੰ ਨ ਮਾਲਾ ॥ ਕਹੂੰ ਨ ਹੋਮੰ ਕਹੂੰ ਨ ਜਵਾਲਾ"

ਅੰਕ ॥ ੭੯ ॥ "ਪਾਹਨ ਕਉ ਸੁ ਕਰਤ ਸਭ ਬੰਦਨ।
ਡਾਰਤ ਧੂਪ ਦੀਪ ਸਿਰ ਚੰਦਨ" ॥

ਅੰਕ ॥ ੮੫ ॥ "ਧਰਮ ਨ ਕਰਹੀ। ਹਰਿ ਨ ਉਚਰਹੀ।
ਪਰ ਘਰ ਡੋਲੈ। ਜਲਹਿ ਬਿਰੋਲੈ" ॥

"ਜਹ ਤਹ ਬਢਾ ਅਧਰਮ। ਧਰਮ ਭਜਾ ਕਰ ਭਰਮ ॥
ਨਵਿ ਨਵਿ ਕ੍ਰਿਆ ਭਈ। ਦੁਰਮਤ ਛਾਇ ਰਹੀ ॥ ੧੩੪ ॥"
ਧਰਮ ਲੋਪ ਜਗ ਤੇ ਭਯੋ ਪਾਪ ਪ੍ਰਗਟ ਬਪੁ ਕੀਨ।
ਊਚ ਨੀਚ ਰਾਜਾ ਪ੍ਰਜਾ ਕ੍ਰਿਯਾ ਅਧਰਮ ਕੀ ਲੀਨ ॥
ਕ੍ਰਿਯਾ ਪਾਪ ਕੀ ਲੀਨ ਨਾਰ ਨਰ ਰੰਕ ਅਰੁ ਰਾਜਾ ॥
ਪਾਪ ਪ੍ਰਚੁਰ ਬਪੁ ਕੀਨ ਧਰਮ ਧਰ ਪੰਖਨ ਭਾਜਾ ॥੧੩੬॥

ਸੋ ਇਸ ਉਲਥੇ ਮਈ ਬਾਣੀ ਨੂੰ ਦਸਮੇਸ ਜੀ ਵੱਲੋਂ ਮੰਨਣਾਂ ਅਥਵਾ ਇਸਨੂੰ ਖਾਲਸਾ ਧਰਮ ਰੱਖਕ ਖਯਾਲ ਕਰਨਾਂ ਮਹਾਂਨ ਭੁੱਲ ਹੈ। ਬਲਕਿ ਇਸ ਪ੍ਰਸੰਗ ਵਿਚ ਉਸ ਅਵਤਾਰ ਤੇ ਪੈਗੰਬਰ ਦਾ ਅੰਤਮ ਹਾਲ ਭੀ ਅੱਛੀ ਤਰਾਂ ਸਾਫ ਕਰਕੇ ਦੱਸਿਆ ਹੈ ਕਿ ਕਲਿਕੀ ਅਵਤਾਰ ਭੀ ਜਦੋਂ ਸਾਰੇ ਜਗਤ ਨੂੰ ਜਿੱਤ ਲਊ ਤਾਂ ਉਸਨੂੰ ਭੀ ਬੜਾ ਭਾਰੀ ਗਰਬ ਹੋ ਜਾਊ ਜਿਸ ਕਾਰਣ ਇਕ ਅਕਾਲ ਨੂੰ ਭੁਲਾਕੇ ਅਪਨੇ ਨਾਮ ਦਾ ਹੀ ਜਾਪ ਲੋਕਾਂ ਤੋਂ ਕਰਾਊ ਤੇ ਅਪਨੇ ਦਿਲ ਵਿਚ ਇਸ ਪ੍ਰਕਾਰ ਖਿਆਲ ਕਰੂ:-

ਬਿਨ ਮੋਹਿ ਦੂਸਰ ਨ ਔਰ। ਅਸ ਮਾਨਿਓ ਸਭ ਠੌਰ ॥
ਜਗ ਜੀਤ ਕੀਨ ਗੁਲਾਮ। ਆਪਨ ਜਪਾਯੋ ਨਾਮੁ॥੫੮੪॥
ਨਹਿ ਕਾਲ ਪੁਰਖ ਜਪੰਤ। ਨਹਿ ਦੇਵ ਜਾਪ ਭਣੰਤ ॥
ਤਬ ਕਾਲ ਦੇਵ ਰਿਸਾਇ। ਇਕ ਔਰ ਪੁਰਖੁ ਬਨਾਇ॥੫੮੬॥
ਰਚਿਆ ਸੁ ਮਹਿਦੀ ਮੀਰ। ਰਿਸਵੰਤ ਹਾਠ ਹਮੀਰ ॥

ਤਹ ਤੌਨ ਕੋ ਬਧ ਕੀਨ। ਪੁਨ ਆਪ ਮੋ ਕਿਯੋ ਲੀਨ॥੫੮੭॥
ਮਹਿਦੀ ਭਯੋ ਤਬ ਗਰਬ। ਜਗ ਜੀਤਿਯੋ ਜਬ ਸਰਬ ॥
ਸਿਰ ਅੱਤ੍ਰ ਪਤ੍ਰ ਫਿਰਾਇ। ਜਗ ਜੋਰ ਕੀਨ ਬਨਾਇ ॥੨॥
ਤਬ ਜਾਨ ਕਾਲ ਪ੍ਰਬੀਨ। ਤਿਹ ਮਾਰਿਆ ਕਰ ਦੀਨ ॥
ਇਕ ਕੀਟ ਦੀਨ ਉਪਾਇ। ਤਿਨ ਕਾਨ ਪੈਠ ਸੁ ਜਾਇ॥੧੦॥
ਧਸਿ ਕੀਟ ਕਾਨਨ ਬੀਚ। ਤਿਸ ਜੀਤਿਓ ਇਮ ਨੀਚ ॥
ਬਹੁ ਭਾਂਤ ਦੈ ਦੁਖ ਤਾਹਿ। ਇਹ ਭਾਂਤ ਮਾਰਿਓ ਵਾਹਿ ॥ ੧੧॥

ਇਸਤੋਂ ਬਿਨਾਂ ਇਸ ਸਾਰੇ ਪੁਰਾਨਕ ਪ੍ਰਸੰਗ ਦੀ ਸਮਾਪਤੀ ਪਰ ਦਸਮੇਸ ਜੀ ਵੱਲੋਂ ਆਪਣੀ ਸ੍ਵੈ ਰਾਇ ਅੰਕ ੩ ਤੋਂ ਅੰਕ ੯ ਤਕ ਸਾਫ ਪ੍ਰਗਟ ਹੈ ਕਿ ਹੇ ਖਾਲਸਾ ਜੀ ! ਤੁਸਾਂ ਭੀ ਕਲਿਕੀ ਯਾ ਮਹਿੰਦੀ ਦਾ ਐਸਾ ਪ੍ਰਤਾਪ ਸੁਨਕੇ ਉਨ੍ਹਾਂ ਦੇ ਪਿਛੇ ਨਾਂ ਲਗ ਜਾਣਾਂ ਅਥਵਾ ਇਸਤਰਾਂ ਦੇ ਰਾਜ ਭਾਗ ਨੂੰ ਪ੍ਰਾਪਤ ਕਰਕੇ, ਇਕ ਅਕਾਲ ਨੂੰ ਛੋੜ, ਗਰਬ ਵਿਚ ਆਕੇ ਆਪਣੇ ਨਾਮ ਨੂੰ ਹੀ ਨ ਜਪੌਨ ਲਗ ਜਾਵਨਾ। ਕਿਉਂ ਜੋ:—

ਜਿਨ ਏਕ ਦ੍ਰਿਸ੍ਟ ਨ ਆਨ। ਤਿਸ ਲੀਨ ਕਾਲ ਨਿਦਾਨ ॥੩॥
ਬਿਨ ਏਕ ਦੂਜ ਨ ਔਰ। ਜਲ ਬਾ ਥਲੇ ਸਭ ਠੌਰ ॥
ਜਿਨ ਏਕ ਸੱਤਿ ਨ ਜਾਨ। ਸੁ ਭ੍ਰਮੰਤ ਜੂਨ ਮਹਾਨ ॥ ੫ ॥
ਨਿਤ ਰੋਗ ਸੋਗ ਗ੍ਰਸੰਤ। ਮ੍ਰਿਤ ਸ੍ਵਾਨ ਅੰਤ ਮਰੰਤ ॥ ੯ ॥

ਨੋਟ

ਕੀ ਗੁਰੂ ਸਾਹਿਬ ਦੀ ਇਹ ਅੰਤਮ ਦੀ ਸਮੀਖਯਾ ਨੂੰ ਪੜ੍ਹਕੇ ਭੀ ਇਸ ਪ੍ਰਸੰਗ ਨੂੰ ਦਸਮੇਸ ਜੀ ਵੱਲੋਂ ਦੱਸਨਾ ਤੇ ਗੁਰਬਾਣੀ ਦੀ ਤੁੱਲਤਾ ਦੇਣੀ ਮੂਰਖਤਾ ਨਹੀਂ ?

—o—

ਉਪ ਅਵਤਾਰ

ਇਸ ਰਚਨਾਂ ਵਿਚ ਅੰਕ ੧੯ ਤਕ ਅਪਨਾਂ ਅਰੰਭਕ ਮੰਗਲ ਦੇਕੇ ਅੱਗੇ ਹਿੰਦੂ ਮਤ ਅਨੁਸਾਰ ਬ੍ਰਹਮਾਂ ਦੇ ਸੱਤ ਅਵਤਾਰ ਤੇ ਰੁਦ੍ਰ ਮਹਾਂਦੇਵ ਦੇ ਦੋ ਅਵਤਾਰਾਂ ਦਾ ਨਿਰੂਪਣ ਕੀਤਾ ਹੈ:-

(ੳ) ਬ੍ਰਹਮਾਂ ਜੀ ਦੇ ਸੱਤ ਅਵਤਾਰ ਇਹ ਲਿਖੇ ਹਨ:-

੧ ਬਾਲਮੀਕ, ੨ ਕੱਸਪ ਰਿਖੀ, ੩ ਸ਼ੁੱਕ੍ਰ, ੪ ਬਰੇਸ, ੫ ਬਜਾਸ, ੬ ਖਸ਼ਟ ਰਿਖੀ, ੭ ਕਾਲਿਦਾਸ ॥

(ਅ) ਰੁੱਦ੍ਰ–ਮਹਾਂਦੇਵ ਦੇ ਦੋ ਅਵਤਾਰ–ਜਿਸ ਵਿਚ ਪਾਰਸ ਨਾਥ ਜੋਗੀ ਅਰੁ ਦੱਤ ਮਹਾਤਮ ਦੱਤਾਤ੍ਰਯ ਜੀ ਦੇ ਚੌਬੀ ਗੁਰੂ ਧਾਰਨ ਕਰਨੇ ਦਾ ਵਰਣਨ ਕੀਤਾ ਹੈ, ਜਿਸ ਪਰ ਸ੍ਰੀ ਕਲਗੀਧਰ ਜੀ ਨੇ ਆਪਣੀ ਵਲੋਂ ੪੯੧ ਤੋਂ ੪੯੭ ਅੰਕ ਤਕ ਇਨ੍ਹਾਂ ਦੇ ਭੇਖਾਂ ਨੂੰ ਖੰਡਨ ਕਰਕੇ ਇੱਕ ਅਕਾਲ ਕੋ ਹੀ ਮੁਕਤੀ ਦਾਤਾ ਸਿੱਧ ਕੀਆ ਹੈ, ਤੇ ਬਾਕੀ ਹੋਰ ਸਭ ਨੂੰ ਕਾਲ ਚੱਕਰ ਮੇਂ ਫਸੇ ਹੂਏ ਦੱਸ ਕੇ ਸਾਨੂੰ ਇਸ ਪ੍ਰਸੰਗ ਤੋਂ ਸਿੱਖਯਾ ਲੈਣ ਲਈ ਸੰਬੋਧਨ ਕੀਤਾ ਹੈ, ਭਾਵ ਦੱਸਿਆ ਹੈ ਕਿ ਤੁਸਾਂ ਭੀ ਦੱਤਾਤ੍ਰਯ ਵਤ ੨੪ ਗੁਰੂ ਧਾਰਨ ਕਰਨ ਦਾ ਯਤਨ ਨ ਕਰਨਾ, ਕੇਵਲ ਇਕ ਅਕਾਲ ਪਰ ਹੀ ਭਰੋਸਾ ਰੱਖਣਾਂ, ਜਿਸਦੇ ਸਿਮਰਨੇ ਕਰ:-

"ਕਾਲ ਫਾਸ ਕੇ ਬੀਚ ਨ ਆਯੋ ॥"

ਸੂਚਨਾਂ

ਵੀਰ ਜੀ ! ਆਪ ਨੇ ਇਸ ਚੌਬੀਸ ਅਵਤਾਰ ਤੇ ਉਪ ਅਵਤਾਰ ਦੀ ਸਾਰੀ ਕਥਾਂ ਦਾ ਭਾਵ ਸਮਝ ਲੀਤਾ ਹੈ, ਸੋ ਕੀ ਹੁਣ ਭੀ ਆਪ ਇਸ ਰਾਮਾਇਣ ਤੇ ਭਾਗਵਤ ਦੇ ਪੁਰਾਣਕ ਪ੍ਰਸੰਗਾਂ ਨੂੰ ਗੁਰੂ ਸਾਹਿਬ ਵੱਲੋਂ ਮੰਨੋਂਗੇ ? ਜੇਕਰ ਨਹੀਂ, ਤਾਂ ਇਸ ਰਚਨਾਂ ਨੂੰ "ਸ੍ਰੀਗੁਰੂ ਗ੍ਰੰਥਸਾਹਿਬ" ਜੀਦੀ ਬਾਣੀ ਦੀ ਤੁਲਤਾ ਕਣੋਂ, ਤੇ ਸਮਾਨ ਗੱਦੀ ਕਿਉਂ ਦਿੱਤੀ ਜਾਵੇ? ਪਸ ਐਸਾ ਕਰਨਵਾਲੇ ਸੱਜਨਾਂਨੂੰ ਕਿਉਂ **ਗੁਰਮਤ ਵਿਰੋਧੀ** ਦੇ ਖਤਾਬ ਦ੍ਵਾਰਾ ਨਾ ਸਨਮਾਨਣਾਂ ਜਾਵੇ?

12875

ਹਜ਼ਾਰੇ ਸ਼ਬਦ

ਸ੍ਰੀ ਸ੍ਵਾਮੀ ਦਸਮੇਸ ਜੀ ਨੇ ਇਹ ਬਾਣੀ ਵਖੋ ਵਖ ਰਾਗਾਂਦੇ ਸ਼ਬਦਾਂ ਵਿਚ ਉਚਾਰਨ ਕੀਤੀ ਹੈ ਜੋ ਪਾਖੰਡ ਦੇ ਨਿਵਾਰਣ ਵਾਲੀ ਤੇ ਗਯਾਨਦਾਤਾ ਹੋਣ ਦੇ ਕਾਰਣ ਸਭ ਤਰਹ ਪ੍ਰਮਾਣੀਕ ਹੈ ਅਤੇ ਕਈਕੁ ਸਿੰਘ ਇਸਦਾ ਪਾਠ ਨਿਤਯ ਨਿਯਮ ਦੀ ਬਾਣੀ ਨਾਲ ਰਲਾ ਕੇ ਭੀ ਕਰਦੇ ਦੇਖੀਦੇ ਹਨ ॥

ਇਹ ਸ਼ਬਦ ਆਮ ਕਰਕੇ "ਹਜ਼ਾਰੇ ਸ਼ਬਦ ਪਾ: ੧੦" ਦੇ ਨਾਮ ਕਰਕੇ ਪੁਕਾਰੇ ਜਾਂਦੇ ਹਨ ਤੇ ਇਸੇ ਨਾਮ ਹੇਠ ਇਸ ਬਾਣੀ ਦਾ ਪ੍ਰਚਾਰ ਅਕਸਰ ਹੁੰਦਾ ਹੈ ਜੋ ਸਭ ਤਰਾਂ ਠੀਕ ਹੈ ॥

ਵਿਚਾਰ

ਆਮ "ਦਸਮ ਗ੍ਰੰਥਾਂ" ਵਿਖੇ ਇਹ ਗਿਣਤੀ ਵਿਚ ਦਸ ਸ਼ਬਦ ਹਨ, ਪਰੰਤੂ ਕਈਕ ਪ੍ਰਾਚੀਨ ਬੀੜਾਂ ਵਿਚ ਇਨ੍ਹਾਂ ਤੋਂ ਬਿਨਾਂ ਦੋ ਹੋਰ ਸ਼ਬਦ "ਰਾਗ ਸੋਰਠ ਪਾ: ੧੦" ਦੇ ਨਾਮ ਕਰਕੇ ਲਿਖੇ ਹੋਏ ਮਿਲਦੇ ਹਨ ਜੋ ਇਹ ਹਨ; ਯਥਾ:—

ਰਾਗ ਸੋਰਠ ਪਾ: ੧੦

ਜੋਗੀ ਜੋਗੁ ਜਟਨ ਮੇ ਨਾਹੀ ॥ ਭ੍ਰਮ ਭ੍ਰਮ ਮਰਤ
ਕਹਾ ਪਚਿ ਪਚਿ ਕਰ ਦੇਖ ਸਮਝ ਮਨ ਮਾਹੀ ॥
੧ ॥ ਰਹਾਉ ॥ ਜੋ ਜਨ ਮਹਾ ਤੱਤ ਕੋ ਜਾਨੈ ਪਰਮ
ਗਿਯਾਨ ਕੋ ਪਾਵੈ ॥ ਤਬ ਯਹ ਏਕ ਠਉਰ ਮਨ
ਰਾਖੈ ਦਰ ਦਰ ਭ੍ਰਮਤ ਨ ਧਾਵੈ ॥ ੧ ॥ ਕਹਾ
ਭਯੋ ਗ੍ਰਿਹ ਤਜ ਉਠਭਾਗੈ ਬਨਮੈ ਕੀਨ ਨਿਵਾਸਾ ॥
ਮਨਤੋ ਰਹਾ ਸਦਾ ਘਰਹੀਮੇ ਸੋ ਨਹਿ ਭਯੋਉਦਾਸਾ
॥ ੨ ॥ ਅਧਕ ਪ੍ਰਪੰਚ ਦਿਖਾਇ ਠਗਾ ਜਗ ਜਾਨ

ਜੋਗ ਕੋ ਜੋਰਾ ॥ ਤੁਮ ਜੀਅ ਲਖਾ ਤਜੀ ਹਮਮਾਯਾ
ਮਾਯਾ ਤੁਮੈ ਨ ਛੋਰਾ ॥ ੩ ॥

ਰਾਗ ਸੋਰਠ ਪਾ: ੧੦

ਭੇਖੀ ਜੋਗ ਨ ਭੇਖ ਦਿਖਾਏ॥ ਨਾਹਨ ਜਟਾ ਬਿਭੂਤ
ਨਖਨ ਮੈਂ ਨਾਹਿਨ ਬਸਤ੍ਰ ਰੰਗਾਏ ॥ ੧ ॥ ਰਹਾਉ॥
ਜੋ ਬਨ ਬਸੈ ਜੋਗ ਕਹੁ ਪਾਈਐ ਪੰਛੀ ਸਦਾ ਬਸਤ
ਬਨ॥ ਕੁੰਚਰ ਸਦਾ ਧੂਰ ਸਿਰ ਮੇਲਤ ਦੇਖਹੁ ਸਮਝ
ਤੁਮਹੀ ਮਨ ॥੧ ॥ ਦਾਦਰ ਮੀਨ ਸਦਾ ਤੀਰਥ ਮੋਂ
ਕਰਯੋ ਕਰਤ ਇਸਨਾਨਾ॥ ਧਯਾਨ ਬਿੜਾਲ ਬਕੀ
ਬਕ ਲਾਵਤ ਤਿਨ ਕਿਆ ਜੋਗ ਪਛਾਨਾ ॥ ੨ ॥
ਜੈਸੇ ਕਸ਼ਟ ਠਗਨ ਕਹੁ ਠਾਟਤ ਐਸੇ ਹਰਿ ਹਿਤ
ਕੀਜੈ ॥ ਤਬਹੀ ਮਹਾ ਗਯਾਨ ਕੋ ਜਾਨੈ ਪਰਮ
ਪਯੂਖਹਿ ਪੀਜੈ ॥ ੩ ॥

ਪੁਨ:

ਕਈਕੁ ਬੀੜਾਂ ਵਿਚ ਖਯਾਲ ਪਾ: ੧੦—"ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਵਾਲਾ ਸ਼ਬਦ ਹਜ਼ਾਰੇ ਸ਼ਬਦਾਂ ਵਿਖੇ ਨਹੀ ਹੈਂ ਪ੍ਰੰਤੂ "ਦਸਮ ਗ੍ਰੰਥ" ਦੇ ਅੰਤ ਪਰ ਅਸਫੋਟਕਾਂ ਵਿਚ ਮਾਝ ਰਾਗ ਦੇ "ਲਖੀ ਜੰਗਲ ਖਾਲਸਾ" ਵਾਲੇ ਸ਼ਬਦ ਨਾਲ ਲਿਖਿਆ ਹੋਇਆ ਹੈ, ਜਿਸਦਾ ਸੰਬੰਧ ਉਸ ਸ਼ਬਦ ਨਾਲ ਠੀਕ ਮਿਲਦਾ ਹੈ ॥

ਸੂਚਨਾ

ਖਾਲਸਾ ਜੀ! ਭਰੋਸਾ ਹੈ ਜੋ ਉਪਰੋਕਤ ਕਥਨ ਵਲ ਧਯਾਨ ਦਿੰਦੇ ਹੋਏ ਇਸ ਦੀ ਵਰਤੋਂ ਕਰੋਗੇ ॥

—o—

ਤੇਤੀ ਸਵੈਯੇ

ਇਨ੍ਹਾਂ ਸਵੈਯਾਂ ਦੀ ਬਾਣੀ ਦਾ ਖਾਲਸਾ ਧਰਮ ਵਿਚ ਕਾਫੀ ਪ੍ਰਚਾਰ ਹੈ। ਗੁਰੂ ਜੀ ਨੇ ਇਨ੍ਹਾਂ ਵਿਚ ਇਕ ਅਕਾਲ ਦੀ ਉਪਾਸ਼ਨਾਂ, ਦੇਵੀ ਦੇਵਤੇ ਗੋਰ ਮੜੀ ਮਟ ਦੀ ਪੂਜਾ ਦਾ ਨਿਸ਼ੇਧ ਅਤੇ ਮਸੰਦ ਆਦਿਕ ਸ੍ਵਾਰਥੀ ਪਾਖੰਡੀਆਂ ਦਾ ਤਜਾਗ ਅੱਛੀ ਤਰਾਂ ਨਿਰੂਪਣ ਕੀਤਾ ਹੈ। ਇਹ ਗਿਣਤੀ ਵਿਚ ਤੇਤੀ ਪਰਵਿਰਤ ਹਨ॥

ਵਿਚਾਰ

(ੳ) ਭਾਵੇਂ ਇਹ ਸਵੈਯੇ ਕਈਕੁ ਅਸਥਾਨਾਂ ਪਰ ਅੰਮ੍ਰਿਤ ਦੇ ਸਵੈਯੇ ਮੰਨੇ ਜਾਂਦੇ ਹਨ ਤੇ ਕਈ ਵਿਦਵਾਨਾਂ ਦਾ ਖਿਆਲ ਭੀ ਹੈ, ਪ੍ਰੰਤੂ ਵਿਚਾਰ ਦਸਦੀ ਹੈ ਕਿ ਇਹ ਅੰਮ੍ਰਿਤ ਦੇ ਸਵੈਯੇ ਨਹੀਂ ਹੋ ਸਕਦੇ, ਅੰਮ੍ਰਿਤ ਦੇ ਸਵੈਯੇ ਕੇਵਲ ਉਹੀ "ਸ੍ਰਾਵਗ ਸੁਧ" ਵਾਲੇ ਦਸ ਸਵੈਯੇ ਹਨ ਜਿਨ੍ਹਾਂ ਦਾ ਵਿਸਥਾਰ ਇਨ੍ਹਾਂ ਤੇਤੀ ਸਵੈਯਾਂ ਵਿਚ ਠੀਕ ਕੀਤਾ ਜਾਪਦਾ ਹੈ। ਇਸਤੋਂ ਬਿਨਾਂ ਮੰਤ੍ਰ ਹਮੇਸ਼ਾਂ ਛੋਟਾ ਹੁੰਦਾ ਹੈ ਵਿਸਥੀਰਨ ਕੀਤਾ ਹੋਯਾ ਨਹੀਂ ਹੁੰਦਾ। ਸੋ ਇਨ੍ਹਾਂ ਨੂੰ ਅੰਮ੍ਰਿਤ ਪ੍ਰਚਾਰ ਸਬੰਧੀ ਸਵੈਯੇ ਮੰਨਨਾਂ ਠੀਕ ਨਹੀਂ॥

ਖਾਲਸਾ ਮਹਿਮਾਂ

ਜਿਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਥ ਵਾਲੀ ਨੇ ਦੇਵੀ ਭਗਤ "ਕਾਲੀ ਦਾਸ" ਬ੍ਰਾਹਮਣ ਦਾ ਪੋਲ ਗੁਰਸਿੱਖਾਂ ਪ੍ਰਤਿ ਖੋਲ੍ਹਕੇ ਦਿਖਾਯਾ, ਅਤੇ ਕੁਲ ਜੱਗ ਸਾਮਗ੍ਰੀ ਫੂਕ ਛੋੜੀ ਤੇ ਕੁਝ ਸਿੱਖਾਂ ਵਿਚ ਵੰਡ ਛੋੜੀ, ਤਦੋਂ ਇਹ ਦਾਨ ਸਿੱਖਾਂ (ਛੱਤ੍ਰੀਆਂ) ਨੂੰ ਦਿੱਤਾ ਵੇਖ, ਕਰੋਧ ਵਿਚ ਸੜਿਆ ਹੋਯਾ ਮਿਸ਼ਰ ਗੁਰੂ ਸਾਹਿਬਾਂ ਦੀ ਹਜੂਰੀ ਵਿਚ ਆਕੇ ਰੌਲਾ ਪੌਨ ਲੱਗਾ। ਜਿਸਦਾ ਉੱਤਰ ਸ੍ਰੀਦਸਮੇਸ਼ ਜੀ ਨੇ "ਜੋ ਕਿਛੁ ਲੇਖ ਲਿਖਯੋ ਬਿਧਨਾ ਸੋਈ ਪਾਈਅਤ ਮਿਸ਼੍ਰ ਜੂ! ਸ਼ੋਕ ਨਿਵਾਰੋ" ਆਦਿ ਤ੍ਰੈ ਸਵੈਯਾਂ ਦ੍ਵਾਰਾ ਦਿਤਾ। ਤਿਸ ਨੂੰ ਸੁਣ, ਤੇ ਨਿੱਤ ਵਾਸਤੇ ਨਵਾਂ ਰਸਤਾ ਪੈਂਦਾ ਵੇਖਕੇ ਮਿਸ਼ਰ ਜੀ ਰੋ ਉਤਰੇ ਜੋ ਇਸ ਹੇਠਲੇ ਅਸਲ ਦੋਹਰੇ ਤੋਂ ਸਪਸ਼ਟ ਹੈ।

ਯਥਾ:– ਦੋਹਰਾ

ਚਟਪਟਾਯ ਚਿਤ ਮੇਂ ਜਰਯੋ ਤ੍ਰਿਣ ਜਯੋਂ ਕ੍ਰੁਧਤ ਹੋਯ।
ਖੋਜ ਰੋਜ ਕੇ ਹੇਤ ਲਗ ਦਯੋ ਮਿਸ਼੍ਰ ਜੂ ਰੋਯ ॥ ੪ ॥

ਵ੍ਰਿਚਾਰ

ਦਸਮੇਸ ਜੀ ਨੇ ਖਾਲਸੇ ਨੂੰ ਆਪਣਾਂ ਸਰੂਪ ਜਾਣਕੇ ਖਾਲਸੇ ਦੀ ਮਹਿਮਾਂ ਵਿਚ ਇਹ ਸਵੈਯੇ ਉਚਾਰਨ ਕੀਤੇ ਹਨ ਤੇ ਵਡਿਆਈ ਬਖਸ਼ੀ ਹੈ, ਜਿਸ ਕਾਰਣ ਇਹ ਸਵੈਯੇ (ਖਾਲਸੇ ਜੀ ਦੀ ਮਹਿਮਾਂ ਵਿਚ ਹੋਨ ਕਰਕੇ) **ਖਾਲਸਾ ਮਹਿਮਾਂ** ਦੇ ਨਾਮ ਕਰਕੇ ਪੁਕਾਰੇ ਜਾਂਦੇ ਹਨ, ਜੋ ਠੀਕ ਹੈ॥

ਸ਼ਸਤ੍ਰ ਨਾਮ ਮਾਲਾ

ਪੰਜਾਬੀ ਲਿਟ੍ਰੇਚਰ ਨੂੰ ਬਧਾਨ ਵਾਲੀ ਅਨੇਕਾ ਅਰਥੀ ਵਾ ਪ੍ਰਿਯ ਸ਼ਬਦ ਮੰਜਰੀ ਆਦਿ ਗ੍ਰੰਥਾਂ ਵਤ ਵਿੱਦਜਾ ਬ੍ਰਿਧੀ ਲਈ ਇਹ ਇਕ ਲਾਭਕਾਰੀ ਪੁਸ਼ਤਕ ਹੈ। ਇਸ ਵਿਚ ਕ੍ਰਿਪਾਨ, ਚੱਕ੍ਰ, ਖੜਗ, ਸੈਹਥੀ, ਬਾਨ, ਤੁਪਕ ਤੇ ਪਾਸ ਆਦਿ ਸ਼ਸਤ੍ਰਾਂ ਦੇ ਅਨੇਕਾਂਹੀ "ਪ੍ਰਿਯ ਸ਼ਬਦ" ਦਿਤੇ ਹੋਏ ਹਨ। ਇਸ ਸ਼ਸਤ੍ਰ ਨਾਮ ਮਾਲਾ ਦੇ ਮੰਗਲ ਰੂਪ ਪ੍ਰਿਥਮ ਅਧਜਾਯ ਵਿਚ ਕਰਤਾ ਨੇ ਅਕਾਲ ਨੂੰ ਸੰਘਾਰ ਸ਼ਕਤੀਵਾਨ ਮੰਨ ਕੇ ਆਪਣੀ ਵੱਲੋਂ ਖੜਗ, ਕ੍ਰਿਪਾਣ, ਤੁਪਕ ਅਰ ਤੀਰ ਆਦਿ ਪਦਾਂ ਦ੍ਵਾਰਾ ਉਸਤਤਿ ਕੀਤੀ ਹੈ॥

ਯਥਾ:—ਦੋਹਰਾ

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰੈ ਅਰੁ ਤੀਰ ।
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥ ੩ ॥

ਯਾਂਤੇ

ਜਰੂਰੀ ਪ੍ਰਤੀਤ ਹੁੰਦਾ ਹੈ ਜੋ ਪੰਜਾਬੀ ਵਿੱਦਜਾ ਦੇ ਭੰਡਾਰੇ ਦੀ ਬ੍ਰਿਧੀ ਹਿਤ ਇਸ "ਸ਼ਸਤ੍ਰ ਨਾਮ ਮਾਲਾ" ਗ੍ਰੰਥ ਨੂੰ ਆਮ ਪ੍ਰਵਿਰਤ ਕੀਤਾ ਜਾਵੇ। ਪੰਜਾਬੀ ਵਿਚ ਇਸ ਕਿਸਮ ਦੇ ਗ੍ਰੰਥ ਦੀ ਪ੍ਰਵਿਰਤੀ ਪਹਿਲੀ ਹੀ ਹੋਵੇਗੀ, ਅਤੇ ਪਾਠਕਾਂ ਲਈ ਅਤਿ ਲਾਭਕਾਰੀ ਹੋਸੀ, ਕਿਉਂਕਿ ਇਸ ਵਿਚ ਸ਼ਸਤ੍ਰਾਂ ਦੇ ਨਾਮ ਅਰ ਚਿਤ੍ਰ ਅਲੰਕਾਰ ਕਾਵਜ ਦੀ ਰਚਨਾਂ ਅਜੇਹੀ ਦ੍ਰਿਸ਼ਟ ਕੂੱਟਾਂ ਦੀ ਰੀਤੀ ਅਨੁਸਾਰ ਲਿਖੀ ਹੈ ਜਿਸਦੇ ਪਾਠ ਅਰ ਅਰਥ ਸਮਝਨੇ ਮੈਂ ਬੁੱਧੀ ਦੀ ਤੀਖਜਣਤਾ ਅਰੁ ਚਤੁਰਾਈ ਵਧਦੀ ਹੈ॥

ਤ੍ਰਿਯ ਚਰਿਤ੍ਰ

ਇਹ ਤ੍ਰਿਯ ਚਰਿਤ੍ਰ ਨਾਮੀ ਗ੍ਰੰਥ ਬਹਾਰ ਦਾਨਸ਼ ਅਤੇ ਹੋਰ ਕਾਵ੍ਯ ਗ੍ਰੰਥਾਂ ਦਾ ਨਿਚੋੜ ਹੈ। ਇਹ ਇਕ ਸੌ ਲੈਕਰ ੪੦੪ ਤਕ ਦੇ ਸਭ ਚਰਿਤ੍ਰਾਂ ਵਿਚੋਂ ਬਹੁਤਸਾਰੇ ਅਜੇਹੇ ਹਨ ਜੋ ਅਕਸਰ ਕਰ ਕੇ ਪਾਠਕਾਂ ਤੇ ਸ੍ਰੋਤਿਆਂ ਦੇ ਦਿਲਾਂ ਨੂੰ ਯੱਕਲਖਤ ਮਲੀਨਤਾ ਦਾ ਝ਼ਲਕਾ ਦੇ ਦਿੰਦੇ ਹਨ। ਭਾਂਵੇਂ ਕਈਕੁ ਵਿਦਵਾਨ ਇਨ੍ਹਾਂ ਚਰਿਤ੍ਰਾਂ ਸਬੰਧੀ ਅਪਨੀ ਰਾਇ ਇਸ ਤਰਾਂ ਭੀ ਪ੍ਰਗਟ ਕਰਦੇ ਹਨ, ਯਥਾ—

"ਚਰਿਤ੍ਰ ਪਖਜਾਨ ਵਿਖੇ ਸਭੇ ੪੦੪ ਚਰਿਤ੍ਰ ਲਿਖੇ ਹਨ ਜੋ ਰਾਜਨੀਤ ਅਤੇ ਵਜਵਹਾਰਿਕ ਵਿੱਦਜਾ ਦਾ ਭੰਡਾਰ ਹਨ ਜਿਨਾਂ ਵਿਚ ਅਨੇਕ ਪ੍ਰਕਾਰ ਦੀ ਰਾਜਨੀਤ ਤੇ ਉਪਦੇਸ਼ ਹਨ"। ਸੋ ਜੇਕਰ ਇਹ ਉਨ੍ਹਾਂ ਦਾ ਖਯਾਲ ਕਿਸੇ ਅੰਗ ਵਿਚ ਠੀਕ ਭੀ ਮੰਨ ਲਈਏ ਤਾਂ ਭੀ ਇਨ੍ਹਾਂ ਦਾ ਪਾਠ ਵਿਦ੍ਵਾਨਾਂ ਦੇ ਹੀ ਖਯਾਲ ਅਨੁਸਾਰ ਮਹਾਂ ਅਯੋਗ ਖਾਸ ਕਰ ਦੀਵਾਨ ਭਾਵ ਗੁਰ ਸੰਗਤ ਵਿਚ ਖਯਾਲ ਕੀਤਾ ਗਿਆ ਹੈ॥

ਪੁਨਃ ॥ ੪੦੫ ਵਾਂ ਚਰਿਤ੍ਰ ਨਾਟਕ ਦੀ ਤਰਜ਼ ਪਰ ਮਹਾਕਾਲ ਤੇ ਦੀਰਘਦਾੜ੍ਹ ਦਾਨੋ ਦਾ ਯੁੱਧ ਹੈ ਭਾਵ ਇਹ ਮਹਾ ਕਾਲ ਦਾ ਯੁੱਧ ਸਤਜੁਗ ਵਿਚ ਮਲੇਛਾਂ ਨਾਲ ਹੋਨਾ ਲਿਖਾ ਹੈ॥

ਅਸਲੋਂ ਇਹ ਚਰਿਤ੍ਰਾਂ ਵਿਖੇ ਸ਼ਾਮਲ ਨਹੀ ਹੈ ਬਲਕਿ "**ਸਬੁੱਧ ਨਾਮਾ**" ਕਰਕੇ ਇਕ ਅਲੱਗ ਰਚਨਾ ਹੈ ਜੋ ਕਈਕ ਪੁਰਾਤਨ ਦਸਮ ਗ੍ਰੰਥਾਂ ਵਿਚ ਇਸੇ ਸਿਰ ਲੇਖ ਹੇਠ ਲਿਖੀ ਹੋਈ ਵੇਖੀ ਜਾਂਦੀ ਹੈ॥

ਸੋ ਜਦ ਇਸ ਤ੍ਰਿਯ ਚਰਿਤ੍ਰ ਗ੍ਰੰਥ ਦੀ ਬਾਣੀ ਐਸੀਹੈ ਜਿਸ ਦਾ ਪਠਨ ਪਾਠਨ ਦੀਵਾਨ ਵਿਚ ਮਹਾਂ ਅਯੋਗ ਖਯਾਲ ਕੀਤਾ

ਜਾਂਦਾ ਹੈ ਪੁਨਾ ਜਿਸਦਾ ਅਕਸਰ ਪੜ੍ਹਨਾ ਸੁਣਨਾ ਪਵਿਤ੍ਰ ਇਸਤ੍ਰੀ ਪੁਰਸ਼ਾਂ ਦੇ ਦਿਲਾਂ ਨੂੰ ਭੀ ਮਲੀਨ ਕਰ ਦਿੰਦਾ ਹੈ, ਤਦ ਐਸੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦੀ ਬਾਣੀ ਦੀ ਤੁਲਤਾ ਦੇਣੀ ਤੇ ਬਰਾਬਰ ਗੱਦੀ ਦੇਵਨਾ ਕੀ ਗੁਰਮੁਖਤਾ ਦੀ ਨਿਸ਼ਾਨੀ ਹੈ ?

ਅਸੀ ਨਹੀਂ ਚਾਹੁੰਦੇ ਸੀ ਜੋ ਇਹ ਚਰਿਤ੍ਰ ਇੰਨ ਬਿੰਨ ਲਿਖ ਕੇ ਅਪਨੇ ਪਾਠਕਾਂ ਦੇ ਪਵਿਤ੍ਰ ਚਿਤਾਂ ਨੂੰ ਮਲੀਨਤਾ ਦਾ ਝਲਕਾ ਦਿੰਦੇ ਪ੍ਰੰਤੂ ਕਈਕ ਸਾਡੇ ਹਠੀ ਭਰਾ ਜਾਣ ਬੁਝਕੇ ਸਾਡੇ ਆਲਸੀ ਤੇ ਭੋਲੇ ਭਰਾਵਾਂ ਨੂੰ "ਜੋ ਅਸਲ ਗ੍ਰੰਥ ਵੇਖਨ ਦੀ ਖੇਚਲ ਨਹੀਕਰਦੇ" ਧੋਖਾ ਦੇਈ ਜਾਂਦੇ ਹਨ, ਇਸ ਲਈ ਹਾਰਕੇ ਉਨ੍ਹਾਂ ਦੀ ਸੰਬੋਧਤਾ ਹਿਤ ਨਮੂੰਨੇ ਮਾਤ੍ਰ ਲਿਖਦੇ ਹਾਂ– ਦੇਖੋ ਚਰਿਤ੍ਰ ੪੦੨

ਯਥਾ–ਚੌਪਈ

ਚਿੰਜੀ ਸਹਿਰ ਬਸਤ ਹੈ ਜਹਾਂ ॥ ਚਿੰਗਸਸੈਣ ਨਰਾਧਿਪ ਤਹਾਂ ॥ ਗਉਹਰਮਤੀ ਨਾਰਿ ਤਿਹ ਕਹੀਅਤਿ ॥ ਜਿਹ ਸਮ ਸੁਰ ਪੁਰ ਨਾਰ ਨ ਲਹੀਅਤ ॥ ੧ ॥ ਸਹਰ ਸੁਰੇਸਾਵਤੀ ਬਿਰਾਜੈ ॥ ਜਾਕੋ ਨਿਰਖ ਇੰਦ੍ਰ ਪੁਰ ਲਾਜੈ । ਬਲਵੰਡ ਸਿੰਘ ਸਾਹ ਇਕ ਸੁਨੀਅਤ ॥ ਜਿਹ ਸੰਮਾਨ ਜਗ ਅਵਰ ਨ ਗੁਨੀਅਤ ॥ ੨ ॥ ਸਦਾਕੁਅਰ ਤਿਹ ਸੁਤਾ ਭਣਿਜੈ ॥ ਚੰਦ੍ਰ ਸੂਰ ਲਖਿ ਜਾਂਹਿ ਅਰਿੱਜੈ ॥ ਅੱਪ੍ਰਮਾਨ ਦੁਤਿ ਜਾਤਿ ਨ ਕਹੀ ॥ ਜਾਨੁਕ ਫੂਲ ਚੰਬੇਲੀ ਰਹੀ ॥ ੩ ॥ ਸਦਾਕੁਅਰ ਨਿਰਖਾ ਜਬ ਰਾਜਾ ॥ ਤਬ ਹੀ ਸੀਲ ਤਵਨਕਾ ਭਾਜਾ॥ ਸਖੀ ਏਕ ਨ੍ਰਿਪ ਤੀਰ ਪਠਾਈ ॥ ਯੌਂ ਰਾਜਾ ਤਨ ਕਹੁ ਤੈਂ ਜਾਈ ॥ ੪ ॥ ਮੈ ਤਵ ਰੂਪ ਨਿਰਖ ਉਰਝਾਨੀ ॥ ਮਦਨ ਤਾਪ ਤੇ ਭਈ ਦਿਵਾਨੀ ॥ ਏਕ ਬਾਰ ਤੁਮ ਮੁਝੈ ਬੁਲਾਵਉ ॥ ਕਾਮ ਤਪਤ ਕਰ ਕੇਲ ਮਿਟਾਵਉ ॥ ੫ ॥ ਜਉ ਅਪਨੇ ਗ੍ਰਿਹ ਮਹਿ ਨ ਬੁਲਾਵਹੁ ॥ ਏਕ ਬਾਰ ਮੋਰੇ ਗ੍ਰਿਹ ਆਵਹੁ ॥ ਮੋ ਸੰਗ ਕਰੀਐ ਸੈਨ ਬਿਲਾਸਾ॥ ਹਮ ਕਹ ਤੋਰਿ ਮਿਲਨਕੀ ਆਸਾ ॥੬॥ ਭੂਪ ਕੁਅਰਿ ਵਹੁ ਗ੍ਰਹ ਨ

ਬੁਲਾਈ ॥ ਆਪੰ ਜਾਇ ਤਿਹ ਸੇਜ ਸੁਹਾਈ ॥ ਦੀਪ ਦਾਨ ਤਰਣੀ ਤਿਨ ਕੀਨਾ ॥ ਅਰਘ ਧੂਪ ਰਾਜਾ ਕਹੁ ਦੀਨਾ ॥ ੭ ॥ ਸੁਭ੍ਰ ਸੇਜ ਊਪਰ ਬੈਠਾਯੋ ॥ ਭਾਂਗ ਅਫੀਮ ਸ਼ਰਾਬ ਮੰਗਾਯੋ ॥ ਪ੍ਰਿਥਮ ਕਹਾ ਨ੍ਰਿਪ ਸੋਂ ਇਨ ਪੀਜੈ ॥ ਬਹੁਰਿ ਮੁਝੈ ਮਦਨੰਕੁਸ ਦੀਜੈ ॥ ੮ ॥ ਸੁਨਤ ਬਚਨ ਯਹ ਭੂਪ ਨ ਮਾਨਾ॥ ਜਮ ਕੇ ਡੰਡ ਤ੍ਰਾਸ ਤਰਸਾਨਾ॥ ਕਹਿਯੋ ਨ ਮੈ ਤੋਸੋ ਰਤਿ ਕਰਿਹੋਂ ॥ ਘੋਰ ਨ੍ਰਕਮੋ ਭੂਲ ਨ ਪਰਹੋਂ ॥ ੯ ॥ ਤ੍ਰਿਮ ਤਿਮ ਤ੍ਰੀਯ ਅੰਚਰ ਗਰ ਡਾਰੈ ॥ ਜੋਰ ਜੋਰ ਦ੍ਰਿਗ ਨ੍ਰਿਪਹਿ ਨਿਹਾਰੈ ॥ ਹਾਇ ਹਾਇ ਮੁਹਿ ਭੂਪਤ ਭਜੀਐ ॥ ਕਾਮ ਕ੍ਰਿਯਾ ਮੋਰੇ ਸੰਗ ਸਜੀਐ ॥ ੧੦ ॥ ਨਹਿ ਨਹਿ ਪੁਨ ਜਿਮ ਜਿਮ ਨ੍ਰਿਪ ਕਰੈ ॥ ਤਿਮ ਤਿਮ ਚਰਣ ਚੰਚਲਾ ਪਰੈ ॥ ਹਾਹਾ ਨ੍ਰਿਪਤਿ ਮੁਹਿ ਕਰੋ ਬਿਲਾਸਾ ॥ ਕਾਮ ਭੋਗ ਕੀ ਪੁਰਵਹੁ ਆਸਾ ॥ ੧੧ ॥ ਕਹਾ ਕਰੋਂ ਕਹੁ ਕਹਾਂ ਪਧਾਰੋਂ ॥ ਆਪ ਮਰੋਂ ਕੈ ਤੁਝੈ ਸੰਘਾਰੋਂ ॥ ਹਾਇ ਹਾਇ ਮੁਹਿ ਭੋਗ ਨ ਕਰਈ ॥ ਤਾਂਤੇ ਜੀਵ ਹਮਾਰਾ ਜਰਈ॥ ੧੨ ॥ ਸਵੈਯਾ ॥ ਆਸਨ ਔਰ ਅਲਿੰਗਨ ਚੁੰਬਨ ਆਜੁ ਭਲੇ ਤੁਮਰੇ ਕਸਿ ਲੈਹੋਂ ॥ ਰੀਝ ਹੈਂ ਜੌਨ ਉਪਾਇ ਗੁਮਾਨੀ ਤੈਂ ਤਾਂਹਿ ਉਪਾਇ ਸੁ ਤੋਹਿ ਰਿਝੈ ਹੋਂ॥ ਪੋਸਤ ਭਾਂਗ ਸ਼ਰਾਬ ਅਫੀਮ ਖਵਾਇ ਤੁਮੈ ਅਬ ਆਪ ਚੜ੍ਹੈਹੋਂ॥ਕੋਟਿ ਉਪਾਵ ਕਰੋ ਕਿਉਂ ਨ ਮੀਤ ਪੈ ਕੇਲਕਰੇ ਬਿਨ ਜਾਨ ਨ ਦੈਹੋਂ ॥੧੩॥ ਕੇਤਐ ਬਾਤ ਬਨਾਇ ਕਹੋ ਕਿਨ ਕੇਲ ਕਰੇ ਬਿਨ ਮੈਂ ਨ ਟਰੋਂਗੀ॥ ਆਜੁ ਮਿਲੇ ਤੁਮਰੇ ਬਿਨੁ ਮੈਂ ਤਵਰੂਪ ਚਿਤਾਰ ਚਿਤਾਰ ਜਰੋਂਗੀ॥ਹਾਰਸਿੰਗਾਰ ਸਭੈਘਰਬਾਰ ਸੁ ਏਕ ਹੀ ਬਾਰ ਬਿਸਾਰ ਧਰੋਂਗੀ॥ ਕੈ ਕਰ ਪਿਯਾਰ ਮਿਲੋ ਇਕ ਬਾਰ ਕਿ ਯਾਰ ਬਿਨਾਂ ਉਰ ਫਾਰਿ ਮ੍ਰਰੋਂਗੀ ॥ ੧੪ ॥ ਸੁੰਦਰ ਕੇਲ ਕਰੋ ਹਮਰੇ ਸੰਗ ਮੈ ਤੁਮਰੋ ਲਖਿ ਰੂਪ ਬਿਕਾਨੀ ॥ ਠਾਉਂ ਨਹੀਂ ਜਹ ਜਾਉਂ ਕ੍ਰਿਪਾ ਨਿਧਿ ਆਜੁ ਭਈ ਦੁਤਿ ਦੇਖ ਦਿਵਾਨੀ ॥ ਹੌ ਅਟਕੀ ਤੁਮ ਹੇਰਿ ਪ੍ਰਭਾ ਤੁਮ ਬਾਧਿ ਰਹੇ ਕਸਿ ਮੌਨ੍ਹ ਗੁਮਾਨੀ ॥ ਜਾਨਤ ਘਾਤ ਨਾ ਮਾਨਤ ਬਾਤ ਸੁ ਜਾਤ ਬਿਹਾਤ ਦੁਹੂੰਨ ਕੀ ਜ੍ਵਾਨੀ ॥ ੧੫॥ ਜੇਤਕ ਪ੍ਰੀਤ ਕੀ ਰੀਤ ਕੀ ਬਾਤ ਸੁ ਸਾਹ ਸੁਤਾ ਨ੍ਰਿਪਤੀਰ

ਬਖਾਨੀ ॥ ਚੌਕ ਰਹਾ ਚਹੂੰ ਓਰ ਚਿਤੈ ਕਰ ਬਾਂਧਿ ਰਹਾ ਮੁਖ ਮੌਨ ਗੁਮਾਨੀ ॥ ਹਾਇ ਰਹੀ ਕਹਿ ਪਾਇ ਰਹੀ ਗਹਿ ਗਾਇ ਥਕੀ ਗੁਨ ਏਕ ਨ ਜਾਨੀ॥ ਬਾਂਧਿ ਰਹਾ ਜੜ੍ਹ ਮੋਨ ਮਹਾਂ ਉਹਿ ਕੋਟਿ ਕਹੀ ਇਹ ਏਕ ਨ ਮਾਨੀ ॥ ੧੬ ॥ ਚੌਪਈ ॥

ਜਬ ਭੂਪਤ ਇਕ ਬਾਤ ਨ ਮਾਨੀ ॥ ਸਾਹੁ ਸੁਤਾ ਤਬ ਅਧਿਕ ਰਿਸਾਨੀ ॥ ਸਖੀਯਨ ਨੈਨ ਸੈਨ ਕਰਿ ਦਈ॥ ਰਾਜਾ ਕੀ ਬਹੀਯਾਂ ਗਹਿ ਲਈ ॥ ੧੭ ॥ ਪਕਰ ਰਾਵ ਕੀ ਪਾਗ ਉਤਾਰੀ॥ ਪਨਹੀ ਮੂੰਡ ਸਾਤ ਸੈ ਝਾਰੀ ॥ ਦੁਤਿਯ ਪੁਰਖ ਕੋਈ ਤਿਹ ਨ ਨਿਹਾਰੋ ॥ ਆਨ ਰਾਵਕੌ ਕਰੈ ਸਹਾਰੋ ॥ ੧੮ ॥ ਭੂਪ ਲਜਤ ਨਹੀ ਹਾਇ ਬਖਾਨੈ ॥ ਜਿਨਿ ਕੋਈ ਨਰ ਮੁਝੈ ਪਛਾਨੈ ॥ ਸਾਹੁ ਸੁਤਾ ਇਤਿ ਨ੍ਰਿਪਹਿ ਨ ਛੋਰੈ ॥ ਪਨਹੀ ਵਾਹਿ ਮੂੰਡ ਪਰ ਤੋਰੈ ॥ ੧੯ ॥ ਰਾਵ ਲਖਾ ਤ੍ਰੀਯ ਮੁਝੈ ਸੰਘਾਰੋ ॥ ਕੋਈ ਨ ਪਹੁਚਾ ਭ੍ਰਿਤ ਹਮਾਰੋ ॥ ਅਬ ਯਹ ਮੁਝੈ ਨ ਜਾਨੈ ਦੈਹੈ । ਪਨੀਯਨ ਤੇ ਮ੍ਰਿਤ ਲੋਕ ਪਠੈਹੈ ॥ ੨੦ ॥ ਪਨਹੀ ਜਬ ਸੌਰਹਿ ਸੈ ਪਰੀ ॥ ਤਬ ਰਾਜਾ ਕੀ ਆਂਖ ਉਘਰੀ ॥ ਇਹ ਅਬਲਾ ਗਹਿ ਮੋਹਿ ਸੰਘਰਿ ਹੈ॥ ਕਵਨ ਆਨ ਹਿਯਾਂ ਮੁਝੈ ਉਬਰਿਹੈ॥੨੧॥ ਪੁਨ ਰਾਜਾ ਇਹ ਭਾਂਤ ਬਖਾਨੋ॥ਮੈ ਤ੍ਰੀਯ ਤੋਰ ਚਰਿਤ੍ਰ ਨਜਾਨੋ॥ ਅਬ ਜੁਤਿਅਨ ਸੋਂ ਮੁਝੈ ਨ ਮਾਰੋ॥ਜਉ ਚਾਹੋਂ ਤਉ ਆਨ ਬਿਹਾਰੋ ॥੨੨॥ ਸਾਹੁ ਸੁਤਾ ਜਬ ਯੌ ਸੁਨ ਪਾਈ ॥ ਨੈਨ ਸੈਨ ਦੈ ਸਖੀ ਹਟਾਈ ॥ ਆਪ ਗਈ ਰਾਜਾ ਪਹਿ ਧਾਇ॥ਕਾਮ ਭੋਗ ਕੀਨਾ ਲਪਟਾਇ॥੨੩। ਪੋਸਤ ਭਾਂਗ ਅਫੀਮ ਖੁਲਾਇ ॥ ਆਸਨ ਤਾਂ ਤਰ ਦੀਯੋ ਬਨਾਇ॥ ਚੁੰਬਨ ਰਾਇ ਅਲਿੰਗਨ ਲਏ॥ਲਿੰਗ ਦੇਤ ਤਿਹ ਭਗਮੋ ਭਏ॥੨੪॥ ਭਗ ਮੋ ਲਿੰਗ ਦੀਆ ਰਾਜਾ ਜਬ॥ਰੁਚ ਉਪਜੀਤਰੁਣੀਕੇ ਜੀਯ ਤਬ॥ ਲਪਟਿਲਪਟਿ ਆਸਨ ਤਰਗਈ। ਚੁੰਬਨ ਕਰਤਭੂਪਕੋਭਈ॥੨੫॥ ਗਹਿਗਹਿ ਤਿਨਕੋ ਗਰੇ ਲਗਾਵਾ॥ਆਸਨ ਸੋ ਆਸਨਹਿ ਛੁਹਾਵਾ॥ ਅਧਰਨ ਸੋ ਦੋਊ ਅਧਰ ਲਗਾਈ॥ ਦੁਹੂੰਕੁਚਨਸੋਂ ਕੁਚਨ ਮਿਲਾਈ ॥ ੨੬ ॥ ਇਹ ਬਿਧਿ ਭੋਗ ਕੀਆ ਰਾਜਾ ਤਨ ॥ ਜਿਹ ਬਿਧਿ ਰੁਚਾ ਚੰਚਲਾ ਕੇ ਮਨ ॥ ਬਹੁਰੋ ਰਾਵ ਬਿਦਾ ਕਰ ਦਿਯਾ ॥

ਅਨਤ ਦੇਸ ਕੋ ਮਾਰਗ ਲਿਯਾ ॥ ੨੭ ॥ ਰਤਿ ਕਰਿ ਰਾਵ ਬਿਦਾ ਕਰ ਦਿਯਾ ॥ ਐਸਾ ਚਰਿਤ ਚੰਚਲਾ ਕਿਯਾ ॥ ਅਵਰ ਪੁਰਖ ਸੋਂ ਰਾਵ ਨ ਭਾਖਾ ॥ ਜੋ ਤ੍ਰੀਯ ਕੀਯ ਸੋ ਜਿਯ ਮੋ ਰਾਖਾ ॥ ੨੮ ॥

ਦੋਹਰਾ

ਕਿਤਕ ਦਿਨਨ ਨ੍ਰਿਪ ਚੰਚਲਾ ਪੁਨ ਵਹੁ ਲਈ ਬੁਲਾਇ ॥
ਰਾਨੀ ਕਰਿ ਰਾਖੀ ਸਦਨ ਸਕਾ ਨ ਕੋ ਛਲ ਪਾਇ ॥੨੯॥

—o—

ਦੋਹਰਾ

ਬਿੰਦ੍ਰਾਬਨ ਬ੍ਰਿਖਭਾਨ ਕੀ ਸੁਤਾ ਰਾਧਕਾ ਨਾਮਿ ॥
ਹਰਿਸੋਂ ਕੀਯਾ ਚਰਿੱਤ੍ਰ ਤਿਹ ਦ੍ਰਿਨ ਕਹਿ ਦੇਖਤ ਬਾਂਮ ॥ ੧ ॥
ਕ੍ਰਿਸ਼ਨ ਰੂਪ ਲਖਿ ਬਸ ਭਈ ਨਿਸਦਿਨ ਹੇਰਤ ਤਾਹਿ ॥
ਬਿਆਸ ਪਰਾਸਰ ਅਸੁਰ ਸੁਰ ਭੇਦ ਨ ਪਾਵਤ ਜਾਂਹਿ ॥੨॥
ਲੋਕ ਲਾਜ ਜਿਹ ਹਿਤ ਤਜੀ ਔਰ ਤਜਿਯੋ ਧਨ ਧਾਂਮ ॥
ਕਿਹ ਬਿਧਿ ਪਿਯਾਰੋ ਪਾਈਐ ਪੂਰਨ ਹੋਵਹਿ ਕਾਮ ॥ ੩ ॥
ਮਿਲਨ ਹੇਤ ਇਕ ਸਹਿਚਰੀ ਪਠੀ ਚਤੁਰ ਜੀਯ ਜਾਨ ॥
ਕਵਿਨੈ ਛਲ ਮੋਕੋ ਸਖੀ ਮੀਤ ਮਿਲੈਯੈ ਕਾਂਨ ॥ ੪ ॥

ਅੜਿੱਲ

ਬ੍ਰਹਮ ਬਿਆਸ ਅਰੁ ਬੇਦ ਭੇਦ ਨਹਿ ਜਾਨਹੀ ।
ਸ਼ਿਵ ਸਨਕਾਦਿਕ ਸੇਸ ਨੇਤ, ਕਰਿ ਮਾਨਹੀ ॥
ਜੋ ਸਭ ਭਾਂਤਿਨ ਸਦਾ ਜਗਤ ਮੈ ਗਾਈਯੈ ।
ਹੋ ਤਵਨ ਪੁਰਖ ਮੁਹ ਸਜਨੀ ਆਨਿ ਮਿਲਾਈਐ ॥ ੫ ॥

ਕਬਿੱਤ ॥

ਸ੍ਵੇਤਤਾ ਬਿਭੂਤਿ ਅਤ ਮੇਖਲੀਨ ਮੇਖ ਸੰਦੀ ਅੰਜਨ ਦੀ ਸੇਲੀ ਦਾ ਸੁਭਾਵ ਸੁਭ ਭਾਖਣਾਂ। ਭਗਵਾ ਸੁਭੇਸ ਸਾਡੇ ਨੈਨਾਂ ਦੀ ਲਲਾਈ ਸਈਯੋ ਯਾਰਦਾ ਧਿਯਾਨ ਏਹੁ ਕੰਦਮੂਲ ਚਾਖਣਾਂ । ਰੋਦਨ ਦਾ ਮੱਜਨੁ ਸੁਪੁਤਰੀ ਪੱਤ੍ਰ ਗੀਤ ਗੀਤਾ ਦੇਖਣ ਦੀ ਭਿਛਿਯਾ ਧਿਯਾਂਨ

ਧੂਆਂ ਬਾਲ ਰਾਖਣਾਂ । ਲਈਏ ਏਨਾਂ ਗੋਪੀਆਂ ਦੀਆਂ ਅੱਖੀਆਂ ਦਾ ਜੋਗ ਸਾਰਾ ਨੰਦ ਦੇ ਕੁਮਾਰ ਨੂੰ ਜਰੂਰ ਜਾਇ ਆਖਣਾਂ ॥ ੬ ॥

ਕਬਿੱਤ

ਬੈਠੀ ਹੁਤੀ ਸਾਜਕੇ ਸਿੰਗਾਰ ਸਭ ਸਖੀਯਨ ਮੈ ਯਾਹੀ ਬੀਚ ਕਾਨਜੂ ਦਿਖਾਈ ਆਨਿ ਦੈਗਏ । ਤਬਹੀ ਤੇ ਲੀਨੋ ਹੈ ਚੁਰਾਇ ਚਿਤ ਮੇਰੋ ਆਈ ਚੇਟਕ ਚਲਾਇ ਮਾਨੋ ਚੇਰੀ ਮੋਹਿ ਕੈਗਏ । ਕਹਾ ਕਰੋਂ ਕਿਤੈ ਜਾਉਂ ਮਰੋਂ ਕਿਧੋ ਬਿਖ ਖਾਉਂ ਬੀਸ ਬਿਸਵੇ ਮੇਰੀ ਜਾਨ ਬਿੱਛੂਸੋ ਡਸੈਗਏ । ਚਖਨ ਚਿਤੌਨਸੋਂ ਚੁਰਾਇ ਚਿਤ ਮੇਰੋ ਲੀਯੋ ਲਟਪਟੀ ਪਾਗਸੋ ਲਪੇਟ ਮਨ ਲੈਗਏ ॥ ੭ ॥

ਦੋਹਰਾ

ਲਾਲ ਬਿਰਹਿ ਤੁਮਰੇ ਪਗੀ ਮੋਪੈ ਰਹਿਯੋ ਨ ਜਾਇ ।
ਤਾਂਤੇ ਮੈ ਆਪਨ ਲਿਖੀ ਪਤੀਯਾ ਅਤਿ ਅਕੁਲਾਇ ॥੮॥

ਕਬਿੱਤ

ਰੂਪ ਭਰੇ ਰਾਗੁ ਭਰੇ ਸੁੰਦਰ ਸੁਹਾਗ ਭਰੇ ਮ੍ਰਿਗ ਔ ਮਮੋਲਾ ਕੀ ਸੁ ਮਾਨੋਂ ਯਹਿ ਖਾਨ ਹੈ । ਮੀਨ ਹੀਨ ਕੀਨੇ ਛੀਨ ਲੀਨੇ ਹੈ ਬਿਧੁਪਰੂਪ ਚਿੱਤ ਕੋ ਚੁਰਾਇਬੇਕੋ ਚੋਰਨ ਸਮਾਨ ਹੈ । ਲੋਗੋਂਕੇ ਉਜਾਗਰ ਹੈਂ ਗੁਨਨਕੇ ਨਾਗਰ ਹੈਂ ਸੂਰਤ ਕੇ ਸਾਗਰ ਹੈਂ ਸੋਭਾਕੇ ਨਿਧਾਨ ਹੈਂ । ਸਾਹਿਬੀ ਕੀ ਸੀਰੀ ਪਰੇ ਚੇਟਕ ਕੀ ਚੀਰੀ ਪੜੇ ਆਲੀ ਤੋਰੇ ਨੈਨ ਰਾਮਚੰਦ ਕੇ ਸੇ ਬਾਨਿ ਹੈਂ ॥ ੯ ॥

ਦੋਹਰਾ

ਮੈਨਪ੍ਰਭਾ ਇਕ ਸਹਿਚਰੀ ਤਾਂਕੋ ਲਿਯੋ ਬੁਲਾਇ ।
ਤਾਂਹਿ ਪਠਾਈ ਕ੍ਰਿਸ਼ਨ ਪ੍ਰਤਿ ਭੇਦ ਸਕਲ ਸਮਝਾਇ ॥ ੧੦ ॥

ਤਾਕੇ ਕਰ ਪਤੀਯਾ ਦਈ ਕਹੋ ਕ੍ਰਿਸ਼ਨਸੋਜਾਇ।
ਤੁਮਰੇ ਬਿਰਹ ਰਾਧਾ ਬਧੀ
ਬੇਗ ਮਿਲੋ ਤਿਹ ਆਇ ॥ ੧੧ ॥

ਬ੍ਰਿਜ ਬਾਲਾ ਬਿਰਹਿਨ ਭਈ ਦਰਸ ਤਿਹਾਰੇ ਸੰਗ ।
ਤਹ ਤੁਮ ਕਥਾ ਚਲਾਈਯੋ ਕਵਨੇ ਪਾਇ ਪ੍ਰਸੰਗ ॥ ੧੨ ॥
ਜਬ ਰਾਧਾਂ ਐਸੇ ਕਹਯੋ ਮੈਨਪ੍ਰਭਾ ਕੇ ਸਾਥ।
ਮੈਨਪ੍ਰਭਾ ਚਲ ਤਹ ਗਈ ਜਹਾ ਹੁਤੇ ਬ੍ਰਿਜਨਾਥ ॥ ੧੩ ॥

ਚੌਪਈ

ਪਤੀਯਾ ਖੋਲ ਜਬੈ ਹਰਿ ਬਾਚੀ । ਲਖੀ ਪ੍ਰੀਤ ਤਾਕੀ ਮਨ ਸਾਚੀ ॥
ਤਾਕੇ ਤਿਨ ਜੋ ਕਬਿਤ ਉਚਾਰੇ।ਜਾਨਕ ਬੱਜ੍ਰ ਲਾਲ ਖਚ ਡਾਰੇ॥੧੪॥

ਸਵੈਯਾ ॥

ਰੀਝ ਭਰੇ ਰਸ ਰੀਤ ਭਰੇ ਅਤਿ ਰੂਪ ਭਰੇ ਸੁਖ ਪੈਯਤ ਹੇਰੇ ॥
ਚਾਰ ਚਕੋਰ ਸਫੋਰੁਹ ਸਾਰਸ ਮੀਨ ਕਰੇ ਮ੍ਰਿਗ ਖੰਜਨ ਚੇਰੇ ॥
ਭਾਗ ਭਰੇ ਅਨਰਾਗ ਭਰੇ ਸੁ ਸੁਹਾਗ ਭਰੇ ਮਨ ਮੋਹਤ ਮੇਰੇ ॥
ਮਾਨ ਭਰੇ ਸੁਖ ਖਾਨ ਜਹਾਂਨਕੇ ਲੋਚਨ ਸ੍ਰੀਨੰਦ ਨੰਦਨ ਤੇਰੇ ॥੧੫॥
ਸੋਹਤ ਸੁੱਧ ਸੁਧਾਰੇ ਸੇ ਸੁੰਦਰ ਜੋਬਨ ਜੋਤਿਸੋਂ ਢਾਰ ਢਰੇ ਹੈਂ ॥
ਸਾਰਸ ਸੋਮ ਸਰਾਸਿਤ ਸਾਇਕ ਕੰਜ ਕੁਰੰਗਨ ਕ੍ਰਾਂਤਿ ਹਰੇ ਹੈਂ ॥
ਖੰਜਨ ਔ ਮਕਰੰਧੁਜ ਮੀਨ ਨਿਹਾਰ ਸਭੈ ਛਬਿ ਲਾਜ ਮਰੇ ਹੈਂ ॥
ਲੋਚਨ ਸ੍ਰੀਨੰਦ ਨੰਦਨਿਕੇ ਬਿਧਿ ਮਾਨਹੁ ਬਾਨ ਬਨਾਇ ਧਰੇ ਹੈ ॥
੧੬ ॥

ਕਬਿੱਤ

ਚਿੰਤਾ ਜੈਸੋ ਚੰਦਨ ਚਿਰਾਗ ਲਾਗੇ ਚਿੰਤਾ ਸਮ ਚੇਟਕ ਸੇ ਚਿੱਤ੍ਰ ਚਾਰੁ ਚੌਪਖਾ ਕੁਸੈਲਸੀ । ਚਿੰਤਾ ਜੈਸੇ ਚੀਰ ਚਪਲਾ ਸੀ ਚਿਤਵੰਨ ਲਾਗੇ ਚੀਰਬੇਸੀ ਚੌਪਖਾ ਸੁਹਾਤੁ ਨਰੁਚੈਲਸੀ । ਚੰਗੁਲ ਸੀ ਚੌਪਸਰ ਚਾਪ ਜੈਸੇ ਚਾਮੀ ਕਰ ਚੋਟਸੀ ਚਤੌਨ ਲਾਗੈ ਸੀਰੀ ਲਾਗੈ ਸੈਲਸੀ । ਚਟਕ ਚਪੇਟਸੀ ਲਗਤਿ ਬਿਨਾਂ ਚਿੰਤਾਮਨ ਚਾਂਬਕਸੋ ਚੋਰ ਲਾਗੈ ਚਾਂਦਨੀ ਚੁਰੈਲਸੀ ॥ ੧੭ ॥

॥ ਦੋਹਰਾ ॥

ਪੜਿ ਪਤੀਯਾ ਤਾਂਕੀ ਤੁਰਤ ਰੀਝ ਗਏ ਬ੍ਰਿਜਨਾਥ ।
ਸਖੀ ਏਕ ਪਠਵਤ ਭਏ ਮੈਨ ਪ੍ਰਭਾ ਕੇ ਸਾਥ ॥ ੧੮ ॥

ਰਾਧਾਸੋ ਮਿਲਨੈਬਨਿਯੋ ਜਲਜਮਨਾਮੈਜਾਇ।
ਸਖੀ ਪਠੀ ਤਾਂਕੋ ਤਬੈ
ਤਿਹ ਮੁਹਿ ਆਨਿ ਮਿਲਾਇ ॥ ੧੯॥

ਸਖੀ ਤੁਰਤ ਤਹਕੋ ਚਲੀ ਸ੍ਰੀ ਜਦੁਪਤੁ ਕੇ ਹੇਤੁ ॥
ਜੈਸੇ ਪਵਨ ਪ੍ਰਚੰਡਕੋ ਤਨ ਨ ਦਿਖਾਈ ਦੇਤ ॥੨੦॥
ਤੜਿਤਾ ਕ੍ਰਿਤ ਜਾਕੋ ਸਖੀ ਚਤੁਰ ਕਹਤ ਤ੍ਰਿਯਾ ਆਇ ॥
ਸੋ ਹਰਿ ਰਾਧਾਪ੍ਰਤਿ ਪਠੀ ਭੇਦ ਸਕਲ ਸਮਝਾਇ ॥ ੨੧ ॥

॥ ਸਵੈਯਾ ॥

ਫੂਲ ਫੁਲੇਲ ਲਗਾਇਕੈ ਚੰਦਨ ਬੈਠਿਰਹੀ ਕਰਿ ਭੋਜਨਿ ਭਾਮਨਿ॥
ਬੇਗਬੁਲਾਵਤਿਹੈ ਬਡਿਡਿਯਾਛ ਕਰੋ ਨ ਬਿਲੰਬਚਲੋਗਜਿਗਾਮਨਿ॥
ਆਜੁ ਮਿਲੋ ਘਨ ਸੇ ਤਨਕੋ ਘਹਰੈ ਘਨਮੈ ਜੈਸੇ ਕੋਪਤ ਦਾਮਨਿ ॥
ਮਾਨਿਤ ਬਾਤ ਨ ਜਾਨਤ ਤੈ ਸਖੀ ਜਾਤ ਬਿਹਾਤ ਇਤੈ ਬਹੁ ਜਾਮਨਿ
॥ ੨੨ ॥

ਗੋਪਕੋ ਭੇਖ ਕਬੈ ਧਰਿਹੈ ਹਰਿ ਕੁੰਜ ਗਰੀ
ਕਬ ਆਨਿ ਬਸੈਹੈ। ਮੋਰ ਪਖੋਅਨਕੋ ਧਰਿ ਹੈਂ
ਕਬਿ ਗਵਾਰਨਿਕੇ ਗ੍ਰਹ ਗੋਰਸ ਖੈਹੈ ॥

ਬੰਸੀ ਬਜੈਹੈ ਕਬੈ ਜਮੁਨਾ ਤਟ ਤੋਹਿ ਬੁਲਾਵਨ ਮੋਹਿ ਪਠੈਹੈ ॥
ਮਾਨ ਕਹਿਯੋ ਹਮਰੋ ਹਰਿਪੈ ਚਲੁਰੀ ਬਹੁਰੋ ਹਰਿਹੂੰ ਨ ਬੁਲੈਹੈ
॥ ੨੩ ॥

ਤੇਰੀ ਸਰਾਹਿ ਸਦੈਵ ਕਰੈ ਤ੍ਰਿਯ ਤੇਰੀ ਕਥਾ ਪੀਯ ਗਾਵਤ ਹੈ ॥
ਹਿਤ ਤੇਰੇ ਸਿੰਗਾਰ ਸਜੈ ਸਜਨੀ ਹਿਤ ਤੇਰੇ ਹੀ ਬੇਨ ਬਜਾਵਤਹੈ ॥
ਹਿਤ ਤੇਰੇ ਹੀ ਚੰਦਨ ਅਉਘਨਸਾਰ ਦੋਊ ਘਸਿ ਅੰਗ ਲਗਾਵਤਹੈ॥
ਹਰਿਕੋਮਨੁ ਸ੍ਰੀਬ੍ਰਿਖਭਾਨਕੁਮਾਰ ਹਰਿਯੋ ਕਹੂੰਜਾਨ ਨ ਪਾਵਤਹੈ॥੨੪

ਮੋਰ ਪਖਾ ਕੀ ਛਟਾ ਮਧ ਮੂਰਤ ਸੋਭਿਤ ਹੈ ਜਮੁਨਾ ਕੇ ਕਿਨਾਰੇ ॥
ਬੂਝਤ ਬਾਤ ਬਿਹਾਲਭੇ ਬਾਲਕ ਬਾਲ ਚਲੋ ਜਹ ਲਾਲ ਬਿਹਾਰੇ ॥
ਰਾਧਿਕਾ ਮਾਧਵਕੀ ਬਤੀਆਂ ਸੁਨਿਕੈਅਕੁਲਾਇਉਠੀਡਰਡਾਰੈ॥
ਯੌਂ ਸੁਨਿ ਬੈਨ ਚਲੀ ਤਜ ਐਨਿ **ਰਹਿਯੋ ਨਹ ਮਾਨ ਮਨੋਜ ਕੈ ਮਾਰੈ ॥੨੫ ॥**

ਮੋਤੀ ਕੇ ਅੰਗ ਬਿਰਾਜਤ ਭੂਖਨ ਮੋਤੀ ਕੀ ਬੇਸਰਕੀ ਛਬਿ ਬਾਢੀ॥
ਮੋਤੀਕੋ ਚੌਸਰ ਹਾਰ ਫਬੈ ਦੁਤਿ ਮੋਤਨ ਕੇ ਗੁਜਰਾਨ ਕੀ ਗਾਢੀ ॥
ਰਾਧਿਕਾ ਮਾਧਿਵਕੋ ਜਮੁਨਾ ਤਟ ਕੁੰਜ ਗਹੇ ਕਰ ਜੋਵਤ ਠਾਂਢੀ ॥
ਛੀਰਕੇ ਸਾਗਰ ਕੋ ਮਥਿਕੈ ਮਨੋ ਚੰਦ ਕੋ ਚੀਰ ਸਭੋ ਤਨ ਕਾਢੀ॥
੨੬ ॥

ਚੌਪਈ ॥

ਨ੍ਹਾਵਤ ਜਹਾਂ ਆਪ ਹਰਿਠਾਂਢੇ॥ ਅਧਿਕ ਹਿਰਦੇ ਮੈ ਆਨੰਦ ਬਾਢੇ॥
ਵਾਰ ਗੁਪਾਲ ਪਾਰ ਬ੍ਰਿਜਨਾਰੀ ॥ ਗਾਵਤ ਗੀਤ ਬਜਾਵਤ ਤਾਰੀ॥
੨੭ ॥

ਸਵੈਯਾ

ਕ੍ਰੀੜਤ ਹੈ ਜਹਾਂ ਕਾਨ੍ਹ ਕੁਮਾਰ ਬਡੇ ਰਸ ਸਾਥ ਬਡੇ ਜਲ ਮਾਂਹੀ ॥
ਵਾਰ ਤ੍ਰਿਯਾ ਉਹਿ ਪਾਰ ਗੁਪਾਲ ਬਿਰਾਜਤ ਗ੍ਵਾਰਨਕੇ ਦਲਮਾਹੀ॥
ਲੈ ਟੁਬਕੀ ਦੋਊ ਆਪਸਮੈ ਰਤਿ ਮਾਨ ਉਠੈ ਦ੍ਰਿੜ ਜਾਇ ਤਹਾਂ ਹੀ ॥
ਯੌਰੁਚਿ ਮਾਨਿ ਰਮੈ ਰਸਸੋਂ ਮਾਨੋ ਦੂਸਰ ਹੈ ਕੋਊ ਜਾਨਤ ਨਾਂਹੀ
॥੨੮॥

ਖੇਲਤੀ ਲਾਲਸੋਂ ਬਾਲ ਭਲੀਬਿਧਿ ਕਾਹੂੰਸੋ ਬਾਤ ਨ ਭਾਖਤਜੀਕੀ॥
ਨੇਹੁ ਜਗਿਯੋ ਨਵ ਜੋਬਨਕੋ ਉਰ ਬੀਚ ਰਹੀ ਗਡ ਮੂਰਤਿ ਪੀਕੀ॥
ਬਾਰ ਬਿਹਾਰ ਮੈ ਨੰਦ ਕੁਮਾਰ ਸੇ ਕ੍ਰੀੜਤਹੈ ਕਰਿ ਲਾਜ ਸਖੀਕੀ ॥
ਜਾਇ ਉਠੈ ਬਲਤੌਨਹਿ ਤੇਰਤਿਮਾਨਦ੍ਰਿੜ੍ਹੈ ਮਨਮਾਨਤ ਜੀਕੀ॥੨੯॥

ਪੱਸ ਖਾਲਸਾ ਜੀ ! ਜਰੂਰੀ ਹੈ ਜੋ ਇਹ ਤ੍ਰਿਯ ਚਰਿਤ੍ਰ ਨਾਮੀ

ਰਸਕ ਗ੍ਰੰਥ "ਪਰ ਤ੍ਰਿਅ ਰਾਵਣ ਜਾਂਹਿ ਸੇਈ ਤਾ ਲਾਜੀਅਹਿ" ਗੁਰਵਾਕ ਆਸ਼ੇਤੋਂ ਵਿਰੁੱਧ ਬਰਤਾਉ ਕਰਨ ਵਾਲੇ ਰਸਕ ਇਸਤ੍ਰੀ ਪੁਰਸ਼ਾਂ ਦੀ ਪਾਮਰਤਾ ਵਧਾਉਨ ਲਈ ਅਤੇ ਕਾਵਜ ਵ ਸਿੰਗਾਰ ਰਸ ਦੇ ਪ੍ਰੇਮੀਆਂ ਲਈ ਤਾਂ ਜਰੂਰ ਸਹਾਯਕ ਹੋ ਸਕਦਾ ਹੈ ਪਰੰਤੂ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਦੀ ਪਵਿੱਤ੍ਰ ਬਾਣੀ ਤੋਂ ਇਸਦਾ ਅੱਖਰ ੨ ਏਓੜਕ ਕੋਹਾਂ ਦੂਰ ਹੈ॥

ਇਸ ਕਰਕੇ ਇਸ "ਬਿਭਚਾਰ ਪ੍ਰਚਾਰਨੀ" ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮਾਨ ਤੁਲਤਾ ਦੇਵਣਾ ਤੇ ਸ੍ਰੀ ਕਲਗੀਧਰ ਜੀਦੀ ਨਿਜ ਰਚਨਾ ਦਸਣਾ ਮਹਾਨ ਪਾਪ ਹੈ॥

ਹਾਂ ਜੇਕਰ ਇਸ ਵਿਚੋਂ ਕੁਝਕ ਚੰਗੇ ੨ ਇਤਹਾਸਕ ਚਰਿਤ੍ਰ ਸੰਗ੍ਰਹ ਕਰਕੇ "ਪੰਜਾਬੀ ਲਿਟਰੇਚਰ" ਹਿਤ ਇਕ ਅੱਡ ਪੁਸਤਕ ਬਨਾਈ ਜਾਵੇ ਤਾਂ ਓਹ ਜਰੂਰ ਲਾਭਦਾਯਕ ਹੋ ਸਕਦੀ ਹੈ॥

—o—

ਬੇਨਤੀ ਚੌਪਈ

ਪਾਤਿਸ਼ਾਹੀ ੧੦

ਇਹ " ਬੇਨਤੀ ਪਾਤਸ਼ਾਹੀ ੧੦ " ਜੋ ਚਉਪਾਈ ਰਚਨਾ ਵਿਚ ਹੈ, ਸ੍ਰੀ ਕਲਗੀਧਰ ਜੀ ਨੇ ਅੰਮ੍ਰਿਤ ਪ੍ਰਚਾਰ ਦੀ ਬਾਣੀ ਦੀ ਲੋੜ ਨੂੰ ਅਨੁਭਵ ਕਰਕੇ ਸ੍ਰੀ ਅਨੰਦਪੁਰ ਸਾਹਿਬ ਜੀ ਵਿਚ ਉਚਾਰਣ ਕੀਤੀ । ਇਹ ਬਾਣੀ ਅਪਨੇ ਆਪ ਵਿਚ ਸਭ ਤਰਾਂ ਪੂਰਣ ਹੈ। ਇਹ ਸਰਬ ਕਾਮਨਾ ਪ੍ਰਦਾਯਕ, ਸੰਕਟ ਮੈਂ ਸਹਾਇਕ, ਦੁਸ਼ਟ ਗਣ ਘਾਇਕ " ਬੇਨਤੀ ਚੌਪਈ " ਨਾਮ ਦੀ ਕਵਚ ਮਈ ਬਾਣੀ " ਹਮਰੀ ਕਰੋ ਹਾਥ ਦੈ ਰੱਛਾ " ਤੋਂ ਅਰੰਭ ਹੋਕੇ " ਦੁਸ਼ਟ ਦੋਖ ਤੇ ਲੇਹੁ ਬਚਾਈ " ਤਕ ਪੂਰੇ ੨੫ ਛੰਦਾਂ ਵਿਚ ਵਿੱਦਮਾਨ ਹੈ, ਤੇ ਦੂਜੀ ਬਾਣੀਆਂ ਵਤ ਸਭ ਤਰਾਂ ਕਰਕੇ ਇਕ ਵਖ ਬਾਣੀ ਹੈ, ਪ੍ਰੰਤੂ ਤਰਤੀਬ ਦੇਨ ਸਮਯ ਸੰਗ੍ਰਹਿਕਾਰਾਂ ਦੀ ਕਿਰਪਾ ਕਰਕੇ ਇਹ ਬਾਣੀ ਭੀ " ਗਯਾਨ ਪ੍ਰਬੋਧ " ਵਤ "ਸਬੁੱਧਨਾਮੇ" ਦੇ ਅੰਤ ਪਰ " ਬੇਨਤੀ ਚੌਪਈ " ਦੇ ਸਿਰ ਲੇਖ ਹੇਠ ਵਿਚ ਹੀ ਰਲਾ ਕੇ ਲਿਖੀ ਗਈ। ਜਿਸਦੇ ਕਾਰਣ ਅਸੀ ਇਸ "**ਬੇਨਤੀ**" ਨੂੰ " ਦਸਮ ਗ੍ਰੰਥ " ਵਿਚ "**ਸਬੁੱਧ ਨਾਮਹ**" ੪੦੫ ਚਰਿਤ੍ਰ ਦੇ ੩੭੭ ਅੰਕ ਤੋਂ ੪੦੧ ਅੰਕ ਤਕ ਲਿਖੀ ਵੇਖਦੇ ਹਾਂ ਜੋ ਅਸਲੋਂ ਉਕਤ ਚਰਿੱਤ੍ਰ ਦਾ ਹਿੱਸ਼ਾ ਨਹੀਂ ! ਪਾਠਕ ਜਨ ਉਕਤ ਚਰਿਤ੍ਰ ਨੂੰ ਆਦਿ ਤੋਂ ਅੰਤ ਤਕ ਵਿਚਾਰਕੇ ਖੁਦਹੀ ਫੈਸਲਾ ਕਰ ਲੈਨ ਗੇ ਜੋ ਇਸ " ਬੇਨਤੀ ਚੌਪਈ " ਦਾ ਸਚ ਮੁਚ ਉਕਤ ਚਰਿਤ੍ਰ ਨਾਲ ਕੋਈ ਸਬੰਧ ਨਹੀ ॥

ਯਾਂਤੇ

ਜ਼ਰੂਰੀ ਹੈ ਜੋ ਅਗੇ ਨੂੰ ਇਹ " ਬੇਨਤੀ ਪਾਤਸਾਹੀ ੧੦"

ਨਾਮੇਂ ਬਾਣੀ ਉਕਤ ਚਰਿੱਤ੍ਰ ਦਾ ਹਿੱਸਾ ਨ ਮੰਨੀ ਜਾਵੇ ਤੇ ਅੰਕ ੩੭੭ ਤੋਂ ੪੦੧ ਤਕ ਦੀ ਚੌਪਾਈ ਰਚਨਾਂ ਨੂੰ ਜੋ "ਬੇਨਤੀ ਚੌਪਈ" ਦੇ ਸਿਰ ਲੇਖ ਹੇਠ ਹੈ ਵਖ ਕਰਕੇ ਇਕ ਸੁਤੰਤ੍ਰ ਤੇ ਪੂਰਣ ਬਾਣੀ ਸਮਝਿਆ ਜਾਵੇ ਤੇ ਇਸੇ ਸਿਰ ਲੇਖ ਹੇਠ ਪ੍ਰਚਾਰ ਕੀਤਾ ਜਾਵੇ ॥

--

ਅਸ ਫੋਟਕ ਕਬਿੱਤ

ਇਹ ਅਸਫੋਟਕ ਕਬਿੱਤਾਂ ਦੀ ਰਚਨਾਂ ਆਮ ਬੀੜਾਂ ਵਿਚ ਨਹੀਂ ਮਿਲਦੀ ਜਿਸਦੀ ਪ੍ਰੋੜਤਾ ਦਸਮ ਗ੍ਰੰਥ ਸੋਧਕ ਕਮੇਟੀ ਨੇ ਭੀ ਆਪਣੀ ਵਿਚਾਰਕ ਰਪੋਟ ਵਿਚ ਕੀਤੀ ਹੈ, ਅਤੇ ਜਿਨ੍ਹਾਂ ਜਿਲ੍ਦਾਂ ਵਿਚ ਇਹ ਮਿਲਦੀ ਹੈ ਉੱਥੇ ਇਸੇ ਨਾਮ ਹੇਠਾਂ ਕੋਈ ੪੯ ਛੰਦਾਂ ਦੇ ਲਗ ਭਗ ਵੇਖੇ ਜਾਂਦੇ ਹਨ, ਜੋ ਕਿ ਅਪ੍ਰਸੰਗਕ ਸੰਗ੍ਰਹ ਕੀਤੇ ਗਏ ਹਨ ਇਨ੍ਹਾਂ ਵਿਚੋਂ ਪਹਿਲੇ ਪੰਦ੍ਰਾਂ ਸਵੈਯੇ ਵਿਚ ਕ੍ਰਿਸ਼ਨ ਜੀ ਦੇ ਸਰੀਰ ਦੀ ਉੱਤਮ ਛਬ, ਕ੍ਰਿਸ਼ਨ ਜੀ ਦੇ ਮਥਰਾ ਜਾਣ ਵੇਲੇ ਬ੍ਰਿਜਨ ਕੀ ਬਿਰਹੋਂ ਦਸ਼ਾ ਦਾ ਵਰਣਨ, ਮਥਰਾ ਪੁੱਜਕੇ ਉੱਥੇ ਦਾ ਵਤੀਰਾ ਤੇ ਸਖੀਆਂ ਦੀ ਬਿਹਬਲ ਅਵਸਥਾ, ਰਾਸ ਮੰਡਲ ਦੀ ਗੱਲ, ਕ੍ਰਿਸ਼ਨ ਦੇ ਮਿਲਨ ਹਿਤ ਰਾਧਕਾਂ ਨੇ ਸਿੰਗਾਰ ਕਰਨੇ, ਕ੍ਰਿਸ਼ਨ ਦਾ ਕੁੰਜ ਗਲੀ ਵਿਚ ਖੇਲਨਾ ਤੇ ਰਾਧਕਾਂ ਰੁੱਸੀ ਹੋਈ ਨੂੰ ਕ੍ਰਿਸ਼ਨ ਦੀ ਘੱਲੀ ਹੋਈ ਦੂਤੀ ਦਾ ਮਨਾਵਣਾਂ ਆਦਿ ਪ੍ਰਸੰਗਾਂ ਦਾ ਵੇਰਵਾ ਹੈ । ੯-੧੦-੧੧-੧੨-੧੩-੧੪-੧੫ ਸਵੈਯੇ ਰਾਧਕਾਂਦੀ ਮਾਨ ਲੀਲ੍ਹਾ ਦੇ ਹਨ । ੧੬ ਤੇ ੧੯ ਵਾਂ ਸਵੈਯਾ ਭਰਥਰੀ ਪਿੰਗਲਾ ਦੇ ਵਿਛੋੜੇ ਦੀ ਹਾਲਤ ਵਿਚ ਕਹਿੰਦਾ ਹੈ। ਉਕਤ ਭਰਥਰੀ ਦਾ ਪੂਰਾ ਪ੍ਰਸੰਗ ਦੇਖਣਾਂ ਹੈ ਤਾਂ ੨੦੯ ਚਰਿੱਤ੍ਰ

ਦੇਖੋ ਜਿਥੇ ਕਿ ਇਹੀ ਸਵੈਯੇ ਅੰਕ ੧੧ ਤੇ ੧੨ ਪਰ ਵਿਦਮਾਨ ਹਨ, ਪਰ ਕੁਝਕੁ ਪਾਠੰਤ੍ਰ ਦਾ ਭੇਦ ਹੈ॥

੨੧ ਤੇ ੨੨ ਛੰਦ ਵਿਚ ਕ੍ਰਿਸ਼ਨ ਜੀ ਦੀ "ਨੇਤ੍ਰ ਸੋਭਾ" ਦਰਜ ਹੈ, ਪੂਰਨ ਪ੍ਰਸੰਗ ਲਈ ੨੨੦ ਵਾਂ ਚਰਿਤ੍ਰ ਵਿਚਾਰੋ ਤੇ ਇਸੇ ਚਰਿਤ੍ਰ ਦੇ ਪੰਜਵੇਂ ਸਵੈਯੇ ਦਾ ਟਾਕਰਾ ਕਰੋ ? ਇਸਤੋਂ ਅੱਗੇ ੨੫ ਤੋਂ ੨੮ ਤਕ ਕ੍ਰਿਸ਼ਨ ਜੀ ਦੀ ਉਸਤਤਿ ਦੇ ਕਬਿੱਤ ਹਨ ਤੇ ਰਾਧਕਾਂ ਵੱਲੋਂ ੨੯ ਤੋਂ ੩੨ ਤਕ **ਵਿਯੋਗਨੀ ਸਵੈਯੇ** ਹਨ। ਛੰਦ ਨੰ: ੩੬–੩੭–੩੮–੩੯ ਵਿਚ ਕ੍ਰਿਸ਼ਨ ਜੀ ਦੀ "ਨੇਤ੍ਰ ਸੋਭਾ" ਦਰਜ ਹੈ।ਇਨ੍ਹਾਂ ਸਭ ਦੇ ਪ੍ਰਸੰਗ ਲਈ ਦੇਖੋ ਰਾਧਕਾਂ ਦਾ ਚਰਿਤ੍ਰ ਨੰ: ੧੨*। ਪੁਨਹ "ਬੀਰ ਰਸ" ਦੇ ਕਬਿੱਤ ਹਨ ਜਿਨ੍ਹਾਂ ਵਿਚੋਂ ਪਹਿਲੇ ਦੋ ੪੩–੪੪ ਵਿਚ ਸੰਗੋ ਸ਼ਾਹ ਦੇ ਜੁੱਧ ਦੀ ਤਾਰੀਫ ਹੈ ਜੋ ਇਥੇ ਅਪ੍ਰਸੰਗਕ ਹਨ ਤੇ ਬਚਿੱਤ੍ਰ ਨਾਟਕ ਦੇ ਅੱਠਵੇਂ ਧਜਾਯ ਦੇ ੧੧ ਵੇਂ ਛੰਦ ਤੋਂ ਅਗਲੇ ਪਾਠ ਨਾਲ ਮੇਲ ਖਾਂਦੇ ਹਨ, ਅਤੇ ੪੫–੪੬–੪੭ ਦੇ ਸਵੈਯੇ ਤ੍ਰਿਯਾ ਚਰਿਤ੍ਰਾਂ ਵਿਚੋਂ ਦੂਜੇ ਚਰਿਤ੍ਰ ਦੇ ੧੪ ਵੇਂ ਛੰਦ ਤੋਂ ਅੱਗੇ ਦੇ ਹਨ, ਤੇ ਇਸ ਚਰਿਤ੍ਰ ਨਾਲ ਪੂਰਨ ਸੰਬੰਧ ਰਖਦੇ ਹਨ ਬਲਕਿ ੪੭ ਨੰਬ੍ਰ ਦਾ ਸਵੈਯਾ ਤਾਂ ਉੱਥੇ ਦਰਜ ਭੀ ਹੈ । ਨੰ: ੪੮ ਪ੍ਰਿਥੀ ਵਾਚ ਸਵੈਯਾ ਰੁਦ੍ਰ ਅਵਤਾਰ ਦੱਤਾ ਤ੍ਰੇਯ ਦੇ ਪ੍ਰਸੰਗ ਵਿਖੇ ਨੰ: ੪੯੨ ਪਰ ਦਰਜ ਹੈ, ਅਤੇ ਨੰ: ੪੯ ਬਚਿਤ੍ਰ ਨਾਟਕ ਦੇ ਪਹਿਲੇ ਅਧਜਾਯ ਵਿਚ ਦਰਜ ਹੈ॥

ਗੱਲ ਕੀ ਉੱਪਰ ਦੀ ਵਿਚਾਰ ਤੋਂ ਸਾਫ ਪ੍ਰਗਟ ਹੈ ਜੋ ਇਹ ਸਭ ਕਬਿੱਤ ਤ੍ਰਿਯਾ ਚਰਿਤ੍ਰਾਂ ਵਿਚੋਂ ਹੀ ਮੂਰਖ ਪੁਣੇ ਨਾਲ ਕੱਢੇ ਤੇ ਇਕੱਠੇ ਲਿਖੇ ਗਏ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੇ "ਰਾਧਕਾਂ ਮਾਨ ਲੀਲਾ" ਤੇ "ਰਾਸ ਮੰਡਲ" ਵਾਲੇ ਪ੍ਰਸੰਗ ਨਾਲ ਭੀ ਮੇਲ ਖਾਂਦੇ ਹਨ । ਬਿੰਦ੍ਰਾਬਨ ਬ੍ਰਿਖਭਾਨ ਕੀ ਸੁਤਾ

---

* ਜੋ ਇਸੇ ਗ੍ਰੰਥ ਵਿਚ ਦਰਜ ਹੈ॥

"ਰਾਧਕਾਂ" ਨਾਮ ਕੇ ੧੨ ਵਾਂ ਚਰਿਤ੍ਰ ਨਾਲ ਤਾਂ ਇਨ੍ਹਾਂ ਵਿਚੋਂ ਬਹੁਤ ਸੇ ਕਬਿੱਤ ਹੂਬਹੂ ਮਿਲਦੇ ਹਨ, ਹਾਂ ਇਤਨਾਂ ਜਰੂਰ ਹੈ ਜੋ ਇਥੇ ਛੰਦ ਪ੍ਰਸੰਗ ਅਨੁਸਾਰ ਲੜੀ ਵਿਚ ਦਰਜ ਨਹੀਂ ਉਘੜੇ ਦੁਗੜੇ ਹਨ ਤੇ ਤ੍ਰਿਯਾ ਚਰਿਤ੍ਰ ਗ੍ਰੰਥ ਵਿਚ ਪ੍ਰਸੰਗ ਅਨੁਸਾਰ ਲੜੀ ਵਿਚ ਪਰੋਤੇ ਹੋਏ ਹਨ। ਖੋਜੀ ਇਨ੍ਹਾਂ ਛੰਦਾਂ ਦਾ ਆਪੋ ਵਿਚ ਦੀ ਮੁਕਾਬਲਾ ਕਰਕੇ ਵੇਖ ਸਕਦੇ ਹਨ, ਜੋ ਇਹ ਅੱਡ ਕੋਈ ਨਵੀਂ ਰਚਨਾਂ ਨਹੀਂ ਹੈ, ਯਾਂਤੇ ਇਸ ਨਾਮ ਹੇਠਾਂ ਉਨ੍ਹਾਂ ਹੀ ਤ੍ਰਿਯਾ ਚਰਿਤ੍ਰਾਂ ਦੇ ਛੰਦਾਂ ਦਾ ਪ੍ਰਚਾਰ ਕਰਨਾ ਸਖਤ ਮੂਰਖਤਾ ਤੇ ਨਿਰ-ਬੁਧਤਾ ਹੈ ?

ਅਸੀ ਭੀ ਆਪਣੇ ਅਗਜਾਤ ਭ੍ਰਾਵਾਂ ਦੇ ਹਠ ਨਿਵਾਰਨ ਲਈ ਪ੍ਰਸੰਗ ਅਨੁਸਾਰ, ਕੁਝਕ ਛੰਦ ਹੂਬਹੂ ਅੱਗੇ ਲਿਖਕੇ ਦ੍ਰਿਸ਼ਟੀ ਗੋਚਰ ਕਰਦੇ ਹਾਂ ਤਾਂ ਕਿ ਉਨ੍ਹਾਂ ਨੂੰ ਪਤਾ ਲਗ ਜਾਵੇ ਜੋ ਇਸ ਸਿਰਲੇਖ ਵਾਲੇ ਛੰਦਾਂ ਵਿਚ ਕੈਸਾ ਕਿ ਧਰਮ ਨਿਰੂਪਣ ਕੀਤਾ ਹੋਯਾ ਹੈ ਤੇ ਨਿਸਚਯ ਕਰਲੈਨ ਜੋ ਇਹ ਠੀਕ ਹੀ ਤ੍ਰਿਯਾ ਚਰਿਤ੍ਰਾਂ ਦਾ ਹਿੱਸਾ ਹਨ ॥

—+ ਲੜੀ ਜੋੜਨ ਲਈ ਪ੍ਰਸੰਗ +—

ਬਿੰਦ੍ਰਾਬਨ ਬ੍ਰਿਖਭਾਨ ਕੀ ਸੁਤਾ "ਰਾਧਕਾਂ" ਦਾ ਕ੍ਰਿਸ਼ਨ ਰੂਪ ਨੂੰ ਵੇਖਕੇ ਮੋਹਤ ਹੋਣਾਂ ਤੇ ਸਖੀ ਦੇ ਪੁਛਨ ਪਰ ਮੋਹਤ ਹੋਨ ਦਾ ਪ੍ਰਸੰਗ ਇਉਂ ਦਸਨਾ:—

ਯਥਾ ਕਬਿੱਤ ਨੰ: ੩੩

ਬੈਠੀ ਹੁਤੀ ਸੱਜਹੋ ਸਿੰਗਾਰ ਸਭ ਸਖਿਨ ਮੈ,
ਏਹੀ ਬੀਚ ਕਾਨ੍ਹਜੂ ਦਿਖਾਈ ਮੁਹਿ ਦੈ ਗਯੋ ॥
ਤਬ ਹੀ ਤੇ ਸਭਨ ਕੀ ਸੁੱਧ ਮੈ ਬਿਸਾਰ ਦਈ,
ਚੇਟਕ ਚਲਾਇ ਮਾਨੋ ਚੇਰੀ ਮੋਹਿ ਕੈ ਗਯੋ ॥
ਕਹਾਂ ਕਰੋ, ਕਾਪੈ ਜਾਉਂ ਜਰੋ ਕਿਧੋ ਬਿਖ ਖਾਉ,
ਜਾਨਤ ਹੋ ਬੀਸ ਬਿਸਵੇ ਬਿੱਛੂ ਸੋ ਡਸੈ ਗਯੋ ॥

ਚਖਨ ਚਤੌਨ ਸੋ ਚੁਰਾਇ ਚਿਤ ਮੇਰੋ ਲੀਨੋ,
ਲਟਪਟੀ ਪਾਗ ਸੋਂ ਲਪੇਟ ਮਨੁ ਲੈ ਗਯੋ ॥ ੩੩ ॥

ਅਪਨੀ ਵਯੋਗ ਮਈ ਬਿਰਹੋਂ ਦੀ ਅਵਸਥਾ ਇਉਂ ਸਖੀ ਨੂੰ ਵਰਣਨ ਕਰ ਰਹੀ ਹੈ। ਯਥਾ:—

ਸਵੈਯਾ ॥

ਹਉਂ ਇਤ ਘੂਮਤ ਪ੍ਰੇਮ ਛਕੀ ਅਤਿ, ਘੋਰਤਹੈ ਉਹਘਾ ਘਨਕਾਰੋ।
ਕਉਨਹੀ ਘਾਤ ਮਿਲੋ ਘਨਸਜਾਮਕੋ,ਘੋਰ ਕਰੈ ਹਮ ਪੈ ਘਰ ਵਾਰੋ॥
ਮੋ ਘਟ ਤੇ ਘਿਰਿਜਾਤ ਸਖੀ, ਮਨੋ ਬੀਤਤ ਏਕ ਘਰੀ ਜੁਗ ਸਾਰੋ॥
ਘਾਇਲਕੈਘਨਸ਼ਜਾਮਗਏ,ਘਰਐਹੈਕਬੇਸਖੀ ਮੋਹਨਪਿਯਾਰੋ॥੩੧।

ਪੁਨਃ

ਜਿਸ ਵੇਲੇ ਰਾਧਕਾਂ ਰੁੱਸ ਗਈ ਤੇ ਕ੍ਰਿਸ਼ਨ ਜੀ ਨੇ ਆਪਣੀ ਵਲੋਂ ਦੂਤੀ ਤਿਸਦੇ ਮਨਾਵਣ ਵਾਸਤੇ ਘੱਲੀ ਤਾਂ ਦੂਤੀ ਜਾਕੇ ਰਾਧਕਾਂ ਪਾਸ ਤਾਰੀਫ ਕਰਦੀ ਹੈ ਤੇ ਕਹਿੰਦੀ ਹੈ:—

ਯਥਾ— ਸਵੈਯਾ

ਹਉਂ ਤੁਹਿਲਿਯਾਵਨਿਕਾਜਪਠਾਈਰੀ ਬੇਗਚਲੋ ਬ੍ਰਿਜਰਾਜਚਿਤਾਰੀ॥
ਤੇਰੋਹੀ ਧਿਆਨ ਰਹੈ ਧਰਿਕੈ ਜੁਵਤੀਸਭ ਅਉ ਚਿਤਹੂੰਤੇ ਬਿਸਾਰੀ॥
ਅਉ ਹਠ ਤੇ ਤਨਕੋ ਨ ਤਜੈ ਰਜਨੀ ਬਿਤਈ ਸੁ ਭਈਉਜਿਆਰੀ॥
ਮਾਨ ਮਨਾਵਤ ਹਾਰਤਜਿਯੋ ਤਜੇ ਤੂੰਕਿਉਂ ਨ ਮਾਨਦਈਕੀ ਸਵਾਰੀ
॥੧੨॥

ਤੇਰੀ ਤਰੀਫ ਸਦੀਵ ਕਰੈ ਮੁਖ ਤੇਰੀ ਕਥਾ ਨਿਤ ਗਾਵਤ ਹੈਂ ॥
ਹਿਤ ਤੇਰੇ ਸਿੰਗਾਰ ਸਜੇ ਸਜਨੀ ਹਿਤ ਤੇਰੇ ਹੀ ਬੈਨ ਬਜਾਵਤਹੈਂ॥
ਹਿਤ ਤੇਰੇਹੀ ਚੰਦਨ ਅਉ ਘਨਸਾਰ ਦੋਊ ਘਸ ਅੰਗ ਲਗਾਵਤਹੈਂ॥
ਹਰਿਕੋ ਮਨਿ ਸ੍ਰੀਬ੍ਰਿਖਭਾਨ ਕੁਮਾਰ ਹਰਿਯੋ ਕਹੂੰ ਜਾਨ ਨ ਪਾਵਤਹੈਂ
॥੧੧॥

ਜਾਨਤ ਗ੍ਵਾਰ ਗਵਾਰ ਕਹਾ ਜਤਿ ਤੇ ਸਭ ਗ੍ਵਾਰਨ ਮੈਂ ਕਹਿਐਹੈ ॥
ਚਉਦਹਿ ਲੋਕ ਸ੍ਰਿਜੇ ਜਿਨਕੇ ਤੁਮ ਕੋ ਹਰਿ ਤੋ ਨ ਕਹਾਂ ਸੁਖਪੈਹੈ ॥

ਚਿੰਤ ਉਠੀ ਚਿਤਯੌਂ ਕਰਿਪੈ ਬ੍ਰਿਜਰਾਜ ਕੀ ਕੇਲਕੈ ਖੇਲ ਸਭੈ ਹੈ॥
ਇਉਂ ਨਹੀਂ ਜਾਣਤ ਮੂੜ ਤ੍ਰੀਯਾ ਘਹਰਾਤ ਘਟਾ ਸੁਨਕੈ ਦੁਖ ਪੈਹੈ
॥੧੦॥
ਕਹੋ ਜਸੁਧਾ ਕੇ ਸੁ ਐ ਹੈ ਕਬੈ ਹਰ ਕੁੰਜ ਗਰੀਨ ਕਬੈ ਬਸ ਹੈ
ਕਬਿ ਕਾਨ ਕਹਾਇ ਹੈ ਆਪਨ ਕੋ ਤੇਰੋ ਰੂਪਕੀ ਰਾਸ ਕਬੈਰਸਿਹੈ॥
ਬ੍ਰਿਜਨਾਰ ਗਵਾਰ ਤੂੰ ਰਾਰ ਕਰੇ ਹਰਿਜਾਨਤ ਇਉਂ ਹਮਰੇਬਸਿਹੈ॥
ਤਜਿਅਉ ਹਠ ਸਿਜਾਮਪੈ ਬੇਗਚਲੋ ਨਹੀ ਤੋਹਿ ਸਭੈਚਤੁਰਾਹਸਿਹੈ॥
੧੪ ॥
ਗੋਪ ਕੋ ਬੇਖ ਕਬੈ ਧਰਿ ਹੈ ਹਰਿ ਕੁੰਜ ਗਰੀ ਕਬਿ ਆਨ ਬਸੈਹੈ ॥
ਮੋਰ ਪਖੌਅਨ ਕੋ ਧਰਿ ਹੈ ਕਬ ਗ੍ਵਾਰਨਕੇ ਗ੍ਰਿਹ ਗੋਰਸ ਖੈ ਹੈ ॥
ਬੇਨ ਬਜੈ ਹੈ ਕਬੈ ਬਨਮੈ ਕਬ ਮੋਹਿ ਬੁਲਾਵਨ ਤੋਹਿ ਪਠੈਹੈ॥
ਮਾਨ ਕਹਿਯੋ ਹਮਰੋ ਹਰ ਪੈ ਚਲ ਰੀ ਬਹੁਰੋ ਹਰਿ ਹਾਥ ਨ ਐਹੈ॥
੧੩ ॥
ਜਿਹ ਗੋਰਸ ਕਾਜ ਗ੍ਵਾਰਨ ਆਪ ਗ੍ਰੀਨਮੈਂਜਾਇ ਸੁ ਬਾਂਹ ਗਹੀਹੈ॥
ਸੈਦਕ ਸਿਆਮ ਸਖਾ ਲੀਏ ਸੰਗ ਹਨੀ ਮਟਕੀ ਦੀਓ ਢਾਰਦਹੀਹੈ॥
ਕਾਹੇ ਕਹੌ ਅਪਨੇ ਮੁਖ ਤੇ ਕਹੁ ਕਾਨ ਕੀ ਕ੍ਰਿਤ ਨ ਜਾਤ ਕਹੀ ਹੈ ॥
ਨੇਹ ਕਹਾ ਕਰਬੋ ਤਿਹਸੋ ਸਖੀ ਗ੍ਵਾਰਨ ਕੀ ਜਿਨ ਗਾਰ ਸਹੀ ਹੈ॥
੧੫ ॥

ਨੋਟ

ਇਹ ਸਾਰੇ ਸ੍ਵੈਯੇ ਰਾਧਕਾਂ ਮਾਨ ਲੀਲ੍ਹਾ ਦੇ ਰਾਸ ਮੰਡਲ ਵਾਲੇ ਪ੍ਰਸੰਗ ਨਾਲ ਠੀਕ ਮੇਲ਼ ਖਾਂਦੇ ਹਨ ॥

ਪਸ ਇਸਤਰਾਂ ਦੀ ਪਰਸਪਰ ਬਾਤ ਚੀਤ ਦੇ ਮਗਰੋਂ ਦੂਤੀ ਤੋਂ ਤਾਰੀਫ ਆਦਿ ਸੁਨਕੇ ਰਾਧਕਾਂ ਦਾ ਮੰਨ ਜਾਣਾਂ, ਜਿਸਦੀ ਖਬਰ ਦੂਤੀ ਨੇ ਜਾਕੇ ਸ੍ਰੀ ਕ੍ਰਿਸ਼ਨ ਜੀ ਨੂੰ ਕਹਿ ਸੁਨਾਈ ਤਦ ਸ੍ਰੀ ਕ੍ਰਿਸ਼ਨ ਜੀ ਨੇ ਰੀਝਕੇ ਇਹ "ਸੁਨੇਹਾ" **ਰਾਧਕਾਂ** ਪਾਸ ਭੇਜਣਾਂ ॥

ਯਥਾ:— ਕਬਿਤ ਨੰ: ੪੦

ਅਖੀਆਂ ਦੁਹਾਂ ਦੇ ਵਿਚ ਸੁਰਮੇ ਕੂੰ ਪਾਇ ਪਿਆਰੀ,
ਛਾਤੀਆਂ ਦੁਹਾਂ ਦੇ ਵਿਚ ਚੰਦਨ ਲਗਾਵਨਾ।
ਬਿੰਦੀ ਬਿੰਦੀ ਬੇਸਰ ਬਣਾਇ ਬਾਜੂ ਬੰਦਾਂ ਤਾਈਂ,
ਸੀਸ ਉਤੇ ਭੋਰਾ ਸੀਸ ਫੂਲ ਭੀ ਛਕਾਵਣਾ।
ਭੰਗ ਕੂੰ ਚੜ੍ਹਾਇਕੈ ਅਫੀਮ ਘਣੀ ਖਾਇਕੇ,
ਖੁਸ਼ਾਲ ਹ੍ਵੈ ਕੇ ਖੇਲ ਸਾਰੀ ਰਾਤ ਦਾ ਮਚਾਵਣਾ॥
ਛਪਿ ਨਹੀ ਜਾਵਣਾ ਰਿਝਾਵਣਾ ਯਾਰਾਂ ਨੂੰ,
ਵਤਿ "ਯਾਰੜੀ" ਜਰੂਰ ਸਾਥੇ ਆਵਣਾ ਹੀ ਆਵਣਾ ॥੪੦॥

ਖਾਲਸਾ ਜੀ!

ਉਪਰ ਦੇ ਕਬਿੱਤਾਂ ਦੇ ਪੜ੍ਹਨ ਤੋਂ ਆਪਨੂੰ ਪਤਾ ਲਗਗਿਆ ਹੋਸੀ ਜੋ ਇਨ੍ਹਾਂ ਵਿਚ ਕੈਸਾ ਕਿ ਖਾਲਸਾ ਮਤ ਨਿਰੂਪਣ ਕੀਤਾ ਹੋਯਾਹੈ, ਤੇ ਗਜਾਨ ਦੀ ਪ੍ਰਾਪਤੀ ਦਾ ਕੈਸਾ ਸੁਖੱਲਾ ਸਾਧਨ ਦੱਸਜਾ ਹੋਯਾਹੈ, ਫਿਰ ਕਿਉਂ ਐਸੀ ਸ਼ੁਭ ਰਚਨਾ ਨੂੰ ਸਾਡੇ ਭਰਾ ਗੁਰਬਾਣੀ ਕਹਿ ੨ ਕੇ ਖੁਸ਼ ਨ ਹੋਵਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁੱਲ ਕਿਉਂ ਇਸ ਨੂੰ ਪ੍ਰਕਾਸ਼ ਨ ਕਰਨ ? ਸ਼ੋਕ ! ਮਹਾ ਸ਼ੋਕ !!!

ਸੂਚਨਾ

"ਅਸਫੋਟਕ ਕਬਿੱਤਾਂ" ਦੇ ਅੰਤ ਪਰ "ਦਸਮ ਗ੍ਰੰਥ" ਵਿਚ "ਮਾਝ ਸ੍ਰੀ ਮੁਖਵਾਕ ਪਾਤਸ਼ਾਹੀ ੧੦" ਦਾ ਇਕ ਇਹ ਸ਼ਬਦ ਭੀ ਮਿਲਦਾ ਹੈ:—

ੴ ਵਾਹਿਗੁਰੂ ਜੀ ਕੀ ਫਤਹ॥
ਮਾਝ ਸ੍ਰੀ ਮੁਖਵਾਕ ਪਾਤਸ਼ਾਹੀ ੧੦
ਲੱਖੀ ਜੰਗਲ ਖਾਲਸਾ ਦੀਦਾਰ ਆਇ ਕੀਤੋਨੇ॥
ਸੁਣਕੇ ਸਦ ਮਾਹੀ ਦਾ ਮੇਹੀ ਪਾਣੀ ਘਾਹੁ ਮੁਤੋਨੇ॥
ਕਿਸੇ ਨਾਲ ਨ ਰਲੀਆ ਕਾਈ ਇਹ ਕੀ ਸ਼ੌਕ ਪਯੋਨੇ॥
ਗਿਯਾਵਿਰਾਕ ਮਿਲਿਆ ਮਿਤ੍ਰਮਾਹੀ ਤਾਂਹੀ ਸ਼ੁਕਰਕੀਤੋਨੇ॥੧

ਨੋਟ

ਇਸ ਸ਼ਬਦ ਦੀ ਰਚਨਾ "ਮਿਤ੍ਰ ਪਯਾਰ੍ਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥" ਵਾਲੇ ਸ਼ਬਦ ਨਾਲ ਇੰਨਬਿੰਨ ਮਿਲਦੀਹੈ ਤੇ ਭਾਵ ਭੀ ਇਕੋ ਜੇਹਾ ਹੀ ਹੈ। ਪਰੰਤੂ ਜਦ ਦਸਮ ਗ੍ਰੰਥ ਦੀ ਸਾਰੀ ਰਚਨਾ ਖਾਸ ਕਰਕੇ ਦਸਮ ਗੁਰੂ ਜੀ ਦੀ ਮੁਖਵਾਕ ਬਾਣੀ ਨਾਲ ਟਾਕਰਾ ਕੀਤਾ ਜਾਂਦਾ ਹੈ ਤਦ ਇਸਦੀ ਰਚਨਾ ਤੇ ਬੋਲੀ ਕਿਸੇ ਅੰਗ ਵਿਚ ਭੀ ਮਿਲਾਨ ਨਹੀ ਖਾਂਦੀ ਜਿਸਤੋਂ ਸਾਫ ਪ੍ਰਗਟਹੈ ਕਿ ਇਹ ਉਕਤ ਦੋਨੋਂ ਸ਼ਬਦ ਦਸਮੇਸ਼ ਜੀ ਕ੍ਰਿਤ ਨਹੀ ਹਨ ਅਤੇ ਨਾ ਹੀ ਉਸਸਮਯ ਦੇ ਹਜ਼ੂਰੀ ਕਵੀਆਂ ਦੀ ਰਚਿਤ ਹਨ॥

---o---

ਜ਼ਫਰ ਨਾਮਹ

ਇਹ ਜ਼ਫਰ ਨਾਮਹ ਅਰਥਾਤ ਫਤਹ ਦੀ ਚਿਠੀ ਸ੍ਰੀ ਦਸਮੇਸ਼ ਜੀ ਨੇ ਅਨੰਦ ਪੁਰ ਅਤੇ ਚਮਕੌਰ ਆਦਿ ਜੰਗਾਂ ਪਿਛੋਂ (ਦੀਨੇ) ਕਾਂਗੜ ਤੋਂ ਲਿਖ ਕੇ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਜੀ ਦੇ ਹਥ ਔਰੰਗਜ਼ੇਬ ਬਾਦਸ਼ਾਹ ਪਾਸ ਜੋ ਉਸ ਸਮਯ ਦਖਣ ਵਿਚ ਸੀ, ਭੇਜਿਆ, ਜਿਸਨੂੰ ਪੜ੍ਹਕੇ ਉਹ ਅਪਨੇ ਕੀਤੇ ਪਰ ਪਸਚਾਤਾਪ ਕਰਦਾ ਹੋਯਾ ਮਰ ਗਿਆ ॥

ਇਹ ਜ਼ਫਰਨਾਮਹ "ਕਮਾਲੇ ਕਰਾਮਾਤ ਕਾਯਮ ਕਰੀਮ" ॥ ੧ ॥ ਤੋਂ ਅਰੰਭ ਹੋ ਕੇ "ਖਸਮ ਦੁਸ਼ਮਨੇ ਗਰ ਹਜ਼ਾਰ ਆਵਰਦ॥ ਨ ਯਕ ਮੂਏ ਓਰਾ ਅਜ਼ਾਰ ਆਵਰਦ" ॥ ੧੧੦ ॥ ਤਕ ਸਮਾਪਤ ਹੋ ਜਾਂਦਾ ਹੈ । ਇਸ ਵਿਚ ਦਸਮੇਸ ਜੀ ਨੇ ਔਰੰਗਜ਼ੇਬ ਨੂੰ ਧਰਮੋਪ ਦੇਸ਼, ਅਹੰਕਾਰ ਦਾ ਤਿਆਗ, ਬੀਰਤਾ ਅਤੇ ਵੈਰਾਗ, ਭਗਤੀ ਆਦਿ ਗੁਣਾਂ ਦਾ ਗ੍ਰਹਣ ਸਮਝਾਯਾ ਹੈ ॥

ਨੋਟ

(੧) ਅਸਲੀ ਪੱਤ੍ਰ (ਜ਼ਫਰ ਨਾਮਹ) ਔਰੰਗਾਬਾਦ (ਦੱਖਨ) ਵਿਚ ਔਰੰਗਜ਼ੇਬ ਦੇ ਤੋਸ਼ਾਖਾਨੀਓਂ ਦੀ ਉਲਾਦ ਪਾਸ ਇਸ ਵਕਤ ਦੱਸਿਆ ਜਾਂਦਾਹੈ ਜੋ ਕਿ ਇਕੋ ਵਰਕ ਪਰ ਹੀ ਲਿਖਿਆ ਹੋਇਆ ਹੈ, ਤੇ ਇਸ ਪਰ ਗੁਰੂ ਸਾਹਿਬ ਦੀ ਅਪਨੀ ਮੋਹਿਰ ਭੀ ਹੈ, ਯਤਨ ਕਰਨੇ ਪਰ ਇਹ ਅਮੋਲਕ ਵਸਤ ਪ੍ਰਾਪਤ ਹੋ ਸਕਦੀ ਹੈ, ਪੰਥ ਨੂੰ ਇਸ ਵਲ ਖਾਸ ਧਿਆਨ ਦੇਵਣਾਂ ਚਾਹੀਦਾ ਹੈ ॥

(੨) ਇਸ "ਜ਼ਫਰ ਨਾਮਹ" ਦਾ ਪਾਠ ਬਹੁਤ ਅਸੁੱਧ ਹੁੰਦਾ ਜਾਂਦਾ ਹੈ, ਦੇਖੋ ਇਕ ਵਿਦਵਾਨ ਜੋ "ਜ਼ਫਰ ਨਾਮਹ" ਦੇ ਸੁੱਧ

ਫਾਰਸੀ ਖਤ ਵਿਖੇ ਲਿਖਣ ਦਾ ਦਾਵੇਦਾਰ ਹੈ ਜ਼ਫਰ ਨਾਮਹ ਦੇ ਇਸ:—

"ਕਿ ਤਸ਼ਰੀਫ ਦਰ ਕਸਬਹ ਕਾਂਗਰ ਕੁਨਦ ॥
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ ॥ ੫੮ ॥"
ਸ਼ੁਧ ਪਾਠ ਨੂੰ ਭ੍ਰਸ਼ਟ ਕਰਕੇ ਇਸ ਪ੍ਰਕਾਰ ਲਿਖਦਾ ਹੈ:—
"ਕਿ ਤਸ਼ਰੀਫ ਦਰ ਕਸ਼ਕਹ "ਕਾਫਰ ਕੁਨਦ"॥
ਵਜਾਂ ਬਸ ਮੁਲਾਕਾਤ ਬਾਹਰ ਕੁਨਦ "॥
ਜਿਸਦਾ ਕੁਝ ਭੀ ਅਰਥ ਨਹੀਂ ਬਨਦਾ ਹੈ।

ਖਾਂਤੇ

ਗੁਣੀ ਜਨ ਇਸ ਵਲ ਖਾਸ ਧਯਾਨ ਦੇਵਨ ਵਰਨਾ ਫਿਰ ਇਸ ਜ਼ਫਰਨਾਮਹ ਦਾ ਅਸਲੀ ਪਾਠ ਮਿਲਨਾ ਕਠਨ ਹੋ ਜਾਸੀ, ਤੇ ਸਾਥ ਹੀ ਇਸ ਰਚਨਾਂ ਦਾ ਪ੍ਰਚਾਰ ਬਹੁਤ ਘੱਟ ਹੈ। ਕਾਰਣ ਕੇਵਲ ਇਸਦਾ ਫਾਰਸੀ ਰਚਨਾਂ ਵਿਚ ਹੋਣਾਂ ਹੀ ਭਾਸਦਾ ਹੈ, ਕਿਉਂ ਜੋ ਅੱਜ ਤਕ ਕਿਸੇ ਖੋਜੀ ਖਾਲਸਾ ਵਿਦ੍ਵਾਨ ਨੇ ਇਸਦਾ ਸਹਿਲ ਰੀਤ ਦ੍ਵਾਰਾ ਸਮਝ ਵਿਚ ਆਵਨ ਵਾਲਾ ਟੀਕਾ ਨਹੀਂ ਕੀਤਾ, ਸੋ ਅਸਾਂ ਫਾਰਸੀ ਰਚਨਾ ਤੋਂ ਜਾਨੂ ਖਾਲਸਾ ਵਿਦ੍ਵਾਨਾਂ ਨੂੰ ਬਿਨਯ ਦ੍ਵਾਰਾ ਪ੍ਰੇਰਨਾਂ ਕਰਦੇ ਹੋਏ ਦੱਸਨਾਂ ਚਾਹੁੰਦੇ ਹਾਂ ਕਿ ਇਹ ਉਹ "ਫਤਹ ਦੀ ਚਿੱਠੀ" ਹੈ ਜਿਸਦੇ ਪੁਜਨ ਪਰ ਔਰੰਗਜ਼ੇਬ ਨੂੰ ਸਿਵਾਇ ਗੋਰ ਦੇ ਕੋਈ ਰਸਤਾ ਨਹੀਂ ਲੱਭਿਆ, ਸੋ ਇਸਦੇ ਪ੍ਰਚਾਰ ਲਈ ਸੁੱਧ ਪਾਠ ਤੇ ਟੀਕੇ ਦੀ ਖਾਸ ਲੋੜ ਹੈ ॥

—o—

ਹਕਾਇਤਾਂ

ਇਹ ਹਕਾਇਤਾਂ ਭੀ ਤ੍ਰਿਯਾ ਚਰਿਤ੍ਰਾਂ ਵਤ ਬਹਾਰ ਦਾਨਸ਼ ਆਦਿ ਰਸਕ ਗ੍ਰੰਥਾਂ ਦਾ ਹੀ ਫਾਰਸੀ ਹਿੱਸਾ ਹਨ। ਇਹ ਹਕਾਇਤਾਂ ਗਿਣਤੀ ਵਿਚ ਸਭੇ ਗਜਾਰਾਂ ਹਨ, ਮੂਰਖਤੇ ਅਵਿੱਦਕ ਲਿਖਾਰੀਆਂ ਦੀ ਕ੍ਰਿਪਾ ਕਰਕੇ "ਜ਼ਫਰ ਨਾਮਹ" ਨੂੰ ਭੀ ਇਨ੍ਹਾਂ ਦੇ ਨਾਲ ਹੀ ਰਲਾਕੇ ਲਿਖਾ ਗਿਆ, ਅਤੇ ਜ਼ਫਰ ਨਾਮਹ ਨੂੰ ਪਹਿਲੀ ਹਕਾਯਤ ਮੰਨਕੇ ਕੁੱਲ ਬਾਰਾਂ ਹਕਾਯਤਾਂ ਦੱਸੀਆਂ ਗਈਆਂ। ਅਸਲੋਂ ਇਨ੍ਹਾਂ ਪਿਛਲੀਆਂ ਸੱਭੇ ਗਜਾਰਾਂ ਹਕਾਯਤਾਂ ਦਾ "ਜ਼ਫਰ ਨਾਮਹ" ਨਾਲ ਕੋਈ ਸੰਬੰਧ ਨਹੀਂ ਤੇ ਨਾਂ ਹੀ ਇਹ ਔਰੰਗਜ਼ੇਬ ਨੂੰ ਭੇਜੀਆਂ ਗਈਆਂ ਹਨ। ਇਸਤੋਂ ਇਲਾਵਾ ਇਨ੍ਹਾਂ ਦਾ ਪ੍ਰਸੰਗ ਤੇ ਰਚਨਾਂ ਹੀ ਸਭ ਕੁਝ ਸਾਫ ਪ੍ਰਗਟ ਕਰਦੀ ਹੈ। ਫਾਰਸੀ ਵਿੱਦਜਾ ਦੇ ਜਾਨੂ ਇਸ ਗੱਲ ਨੂੰ ਠੀਕ ਸਮਝ ਸਕਦੇ ਹਨ । ਇਸਤੋਂ ਬਿਨਾਂ ਤਕਰੀਬਨ ਇਨ੍ਹਾਂ ਵਿਚੋਂ ਬਹੁਤਸੀ ਹਕਾਯਤਾਂ ਦਾ ਅਨੁਵਾਦ ਤ੍ਰਿਯਾ ਚਰਿਤ੍ਰਾਂ ਵਿਚ ਵਰਣਨ ਕੀਤਾ ਜਾ ਚੁਕਾ ਹੈ । ਆਮ ਪੁਰਸ਼ਾਂ ਦੀ ਸੰਬੋਧਤਾ ਲਈ ਅਸੀ ਹਰਇਕ "ਹਕਾਯਤ" ਦਾ ਸਮੁੱਚਾ ਭਾਵ ਦੇਕੇ ਇਸ ਭਰਮ ਦੇ ਜਾਲ ਨੂੰ ਤੋੜਕੇ ਸੱਚ ਪ੍ਰਗਟ ਕਰਨਾ ਚਾਹੁੰਦੇ ਹਾਂ॥

ਹਕਾਯਤ (੧):-

ਰਾਜਾ ਮਾਨਧਾਤਾ ਨੇ ਆਪਣੇ ਚਾਰ ਪੁਤ੍ਰਾਂ ਨੂੰ ਬੁੱਧੀ ਤੇ ਨੀਤਿ ਵਿੱਦਜਾ ਵਿਚ ਵੱਖੋ ਵੱਖ ਤ੍ਰੀਕੇ ਨਾਲ ਪ੍ਰੀਖਜਾ ਕਰਕੇ ਚੌਥੇ ਨੂੰ ਰਾਜ ਦੇ ਯੋਗ ਸਮਝਕੇ ਰਾਜੇ ਦਾ ਖਿਤਾਬ ਦੇਨਾ ਅਤੇ ਦਿੱਲੀ ਵਾ ਮੂੰਗੀ ਪਟਨ ਆਦਿ ਸ਼ਹਿਰਾਂ ਦੀ ਕਲਪਤ ਹਿਸਟਰੀ ਦਾ ਜ਼ਿਕਰ ਹੈ॥

ਹਕਾਯਤ (੨):–

ਸ਼ਾਹ ਚੀਨ ਤੇ ਉਸਦੇ ਮੰਤ੍ਰੀਆਂ ਦੀ (ਰਾਜਾ ਦੇ ਮਰਨ ਪਸਚਾਤ) ਰਾਜ ਪਾਟ ਸੌਂਪਨ ਹਿਤ ਪਰਸ ਪਰ ਵਿਚਾਰ ਹੈ ॥

ਹਕਾਯਤ (੩):–

ਛੱਤ੍ਰਾ ਮਤੀ ਦਾ ਸੁਭਟ ਸਿੰਘ ਪਰ ਮੋਹਤ ਹੋਣਾਂ ਤੇ ਉਸਨੂੰ ਸ਼ਾਦੀ ਕਰਨ ਹਿਤ ਬਿਨਯ ਕਰਨਾ, ਪਰ ਉਸਨੇ ਆਪਣੇ ਘਰ ਪਹਿਲੀ ਇਸਤ੍ਰੀ ਹੋਣ ਦੇ ਸਬੱਬ ਕਰਕੇ ਦੂਜੀ ਸ਼ਾਦੀ ਕਰਨੋਂ ਇਨਕਾਰੀ ਹੋਣਾਂ, ਜਿਸ ਪਰ ਛੱਤ੍ਰਾਮਤੀ ਨੇ ਕ੍ਰੋਧ ਵਿਚ ਆਕੇ ਸੁਭਟ ਸਿੰਘ ਨੂੰ ਜੰਗ ਲਈ ਵੰਗਾਰਨਾਂ,ਜੰਗ ਵਿਚ ਸੁਭਟ ਸਿੰਘ ਦਾ ਛੱਤ੍ਰਾਮਤੀ ਦੇ ਹੱਥੋਂ ਘਾਇਲ ਹੋਕੇ ਬੇ ਸੁਧ ਹੋਣਾਂ, ਤੇ ਬੇ ਸੁੱਧੀ ਵਿਚ ਬਚਨ ਕਰਵਾ ਲੈਣਾਂ, ਅੰਤ "ਬਚਨ ਪ੍ਰਹਾਰੀ" ਨ ਹੁੰਦੇ ਹੋਏ ਨੇ ਛੱਤ੍ਰਾਮਤੀ ਨੂੰ ਉਸਦੇ ਕਥਨ ਅਨੁਸਾਰ ਬਰਨਾ ਆਦਿ ਪ੍ਰਸੰਗ ਲਿਖਾ ਹੈ। ਇਹੀ ਅਸਲ ਪ੍ਰਸੰਗ ਚਰਿਤ੍ਰਾਂ ਵਿਚ ਹੈ ॥ (ਦੇਖੋ ਤ੍ਰਿਯਾ ਚਰਿਤ੍ਰ ਨੰਃ ੫੨)

ਹਕਾਯਤ (੪):–

ਇੱਕ ਕਾਜ਼ੀ ਦੀ ਇਸਤ੍ਰੀ ਦਾ ਕਿਸੇ ਹੋਰ ਰਾਜੇ ਸਬਲਸਿੰਘ ਪਰ ਮੋਹਤ ਹੋ ਜਾਣਾਂ ਤੇ ਉਸਦੇ ਕਥਨ ਅਨੁਸਾਰ ਆਪਣੇ ਅਸਲੀ ਪਤੀ ਦਾ ਸਿਰ ਵੱਢਕੇ ਮਿੱਤ੍ਰ ਦੇ ਪੇਸ਼ ਕਰਨਾਂ। ਇਹ ਕਾਰਾ ਵੇਖਕੇ ਮਿੱਤ੍ਰ ਸਬਲਸਿੰਘ ਦਾ ਡਰ ਜਾਣਾਂ ਤੇ ਅਰਜ ਨ ਮਨਜ਼ੂਰ ਕਰਨਾਂ, ਅੰਤ ਵਿਚ ਇਸਤ੍ਰੀ ਨੇ ਚਰਿੱਤ੍ਰ ਵਿਖਾਕੇ ਉਸਤੋਂ ਉਹੀ ਗੱਲ ਮਨਜ਼ੂਰ ਕਰੌਣਾਂ ਤੇ ਇਸਤ੍ਰੀ ਦਾ ਮੱਕੇ ਦੇ ਹੱਜ ਦੇ ਬਹਾਨੇ ਉਸੇ ਦੇ ਘਰ ਆ ਵੜਨਾਂ, ਇਹ ਪ੍ਰਸੰਗ ਭੀ ਚਰਿਤ੍ਰਾਂ ਵਿਚ ਹੈ ॥ (ਦੇਖੋ ਚਰਿੱਤ੍ਰ ਨੰਃ ੨੬੧)

ਹਕਾਯਤ (੫):–

ਇਕ ਮੰਤ੍ਰੀ ਦੀ ਲੜਕੀ ਨੇ ਆਪਣੇ ਕੈਦ ਹੋਏ ਰਾਜੇ ਨੂੰ ਅਪਨੇ ਚਰਿਤ੍ਰ ਨਾਲ ਛੁੜਾਨਾਂ ? ਪ੍ਰੰਤੂ ਸਾਥ ਹੀ ਰਾਜੇ ਦੇ ਕੋਰੜੇ ਭੀ ਮਾਰਨੇ ਤੇ ਪਤਾ ਨ ਦੇਨਾ !

ਹਕਾਯਤ (੬):—

ਅਸਫੰਦ ਯਾਰ ਦੀ ਪੋਤ੍ਰੀ (ਭਾਵ ਬ੍ਰਹਮਨ ਦੀ ਲੜਕੀ) ਨੂੰ ਉਸਦੇ ਪਿਤਾ ਮਗਰੋਂ ਰਾਜ ਦਾ ਹੱਕ ਪ੍ਰਾਪਤ ਹੋਯਾ, ਗੱਦੀ ਪ੍ਰਾਪਤੀ ਮਗਰੋਂ ਉਸਦੀ ਮਿੱਤ੍ਰਤਾ ਇੱਕ ਜੌਹਰੀ ਬੱਚੇ ਨਾਲ਼ ਹੋ ਗਈ ਤੇ ਗਰਭ ਠਹਿਰ ਗਿਆ । ਅੰਤ ਬੱਚੇ ਦਾ ਦਰਯਾ ਵਿਚ ਤੇਰਨਾਂ ਧੋਬੀਆਂ ਨੇ ਪਾਲਨਾ, ਮੁੜ ਉਸਦਾ ਅਚਾਨਕ ਰਾਜ ਮਹਿਲਾਂ ਵਿਚ ਆਨਾਂ, ਤੇ ਉਸਦੀ ਅਸਲ ਮਾਤਾਨੇ ਉਸਨੂੰ ਪਛਾਨ ਕੇ ਚਰਿਤ੍ਰ ਸੰਗ ਰਾਜ ਗੱਦੀ ਦਾ ਮਾਲਕ ਬਨਾਨੇ ਦਾ ਪ੍ਰਸੰਗ ਹੈ ?

ਹਕਾਯਤ (੭):—

ਪਾਰਸ ਦੇਸ ਦੇ ਰਾਜੇ ਦੀ ਇਸਤ੍ਰੀ ਦਾ ਕਿਸੇ ਅਨਜ ਪੁਰਸ਼ ਪਰ ਮੋਹਤ ਹੋ ਕੇ ਆਪਣੇ ਪਤੀਨੂੰ ਨਿਜ ਹੱਥੀਂ ਸ਼ਰਾਬ ਪਿਲਾ ਕੇ ਵੱਢਨਾਂ ਹੈ ਤੇ ਮੁੜ ਆਪਣੇ ਪੁਰਾਣੇ ਮਿੱਤ੍ਰ ਸੰਗ ਬਾਕੀ ਉਮਰਾ ਬਤੀਤ ਕਰਨੀ ਹੈ !

ਹਕਾਯਤ (੮):—

ਸ਼ਾਹ ਫਰੰਗ ਦੀ ਇਸਤ੍ਰੀ ਦਾ ਇਕ ਜੌਹਰੀਪਰ ਮੋਹਤਹੋਨਾ, ਤੇ ਉਸ ਜੌਹਰੀ ਨੂੰ ਇਸਤ੍ਰੀ ਦੇ ਭੇਸ ਵਿਚ ਅਪਨੇ ਸੰਗ ਰਾਜ ਮਹਿਲਾਂ ਵਿਚ ਰੱਖਨਾਂ, ਰਾਜਾ ਦਾ ਉਸਨੂੰ ਇਸਤ੍ਰੀ ਮੰਨ ਕੇ ਉਸ ਪਰ ਖੁਦ ਹੀ ਮੋਹਤ ਹੋਨਾਂ ॥

ਰਾਜੇ ਨੇ ਉਸ ਨਾਲ ਭੋਗ ਕਰਨ ਦੇ ਅਨੇਕਾਂ ਹੀ ਜਤਨ ਕਰਨੇ, ਪਰ ਰਾਣੀ ਖੁਦ ਰੋਜ ਉਸ ਨਾਲ ਇਕ ਸੇਜਾ ਪਰ ਸੈਨ ਕਰੇ, ਜਿਸ ਕਾਰਣ ਰਾਜੇ ਦਾ ਰਤੀ ਦਾਉ ਨ ਚਲ ਸੱਕਿਆ,ਇਹ ਚਰਿੱਤ੍ਰ ਸੋ ਰਾਣੀ ਆਪ ਜੌਹਰੀ ਨੂੰ ਭੋਗਦੀ ਰਹੀ, ਤੇ ਰਾਜੇ ਨੂੰ ਭੇਤ ਜ਼ਾਹਿਰ ਨ ਹੋਨ ਦਿੱਤਾ ॥

ਹਕਾਯਤ (੯):—

ਮਹਿੰਦਰਾਂ ਚੱਕ੍ਰਵਰਤੀ ਰਾਜੇ ਦੇ ਪੁਤ੍ਰ ਦਾ ਮੰਤ੍ਰੀ ਦੀ ਲੜਕੀ ਨਾਲ ਸਨੇਹ ਹੋਨਾਂ ਤੇ ਕੱਢੇ ਜਾਨ ਪਰ ਅਨੇਕਾਂ ਦੁੱਖ ਤੇ ਕਸ਼ਟ ਝੱਲਣੇ ਦਾ ਪ੍ਰਸੰਗ ਹੈ ॥

ਹਕਾਯਤ (੧੦):—

ਇੱਕ ਇਸਤ੍ਰੀ ਦਾ ਆਪਣੇ ਮਿੱਤ੍ਰ (ਯਾਰ) ਦੇ ਕਹਿਨ ਪਰ ਰਾਹੂ ਤੇ ਸੁਰਾਹੂ ਸ਼ੇਰ ਸ਼ਾਹ ਬਾਦਸ਼ਾਹ ਦੇ ਮਹਿੱਲਾਂ ਵਿਚੋਂ ਘੋੜੇ ਹਰਨੇ ਦਾ ਚਰਿੱਤ੍ਰ ਵਿਖਾ ਕੇ ਭੋਗ ਕਰਨਾਂ ਹੈ(ਦੇਖੋਚਰਿੱਤ੍ਰ ਨੰਃ੨੪੬)

ਹਕਾਯਤ (੧੧):—

ਇੱਕ ਇਸਤ੍ਰੀ ਨੇ ਆਪਣੇ ਯਾਰ ਦਾ ਸਿਰ ਵੱਢਕੇ ਆਪਣੇ ਪਤੀ ਨੂੰ ਖੁਆਲਣਾਂ ਤੇ ਉਸ ਮੂਰਖ ਨੇ ਭੇਦ ਨ ਜਾਨਨਾਂ, ਫਿਰ ਖਬਰ ਦੇਨ ਵਾਲੇ ਦਾ ਭੀ ਸਿਰ ਵੱਢਨ ਦਾ ਪ੍ਰਸੰਗ ਹੈ ॥ (ਦੇਖੋ ਚਰਿੱਤ੍ਰ ਨੰਃ ੨੨੧)

ਸੋ ਖਾਲਸਾ ਜੀ ! ਇਨ੍ਹਾਂ ਹਕਾਇਤਾਂ ਦੇ ਭਾਵ ਤੋਂ ਭੀ ਸਾਫ ਪ੍ਰਗਟ ਹੋ ਗਿਆ ਹੋਊ ਜੋ ਠੀਕ ਹੀ ਇਹ ਕਿਸੀ ਫਾਰਸੀ ਵਿੱਦਜਾ ਤੋਂ ਅਗਜਾਤ ਲਿਖਾਰੀਆਂ ਨੇ ਫਾਰਸੀ ਰਚਨਾਂ ਸਮਝਕੇ "ਜ਼ਫਰ ਨਾਮਹ" ਨਾਲ ਮਗਰੋਂ ਰਲਾ ਦਿਤੀਆਂ ਹਨ ਅਸਲੋਂ ਇਨ੍ਹਾਂ ਦਾ "ਜ਼ਫਰ ਨਾਮਹ" ਨਾਲ ਕਿਸੇ ਅੰਗਵਿਚ ਭੀ ਕੋਈ ਸੰਬੰਧ ਨਹੀਂ ਤੇ ਨਾਂਹੀ ਇਹ ਔਰੰਗਜ਼ੇਬਨੂੰ ਭੇਜੀਆਂ ਗਈਆਂ ਹਨ, ਕਿਉਂਕਿ ਇਨ੍ਹਾਂ ਦੇ ਭੇਜਨ ਦੀ ਭੀ ਕੋਈ ਜਰੂਰਤ ਪ੍ਰਤੀਤ ਨਹੀਂ ਹੁੰਦੀ । ਇਨ੍ਹਾਂ ਦਾ ਭਾਵ ਭੀ ਗੁਰਬਾਣੀ ਦੇ ਆਸ਼ੇ ਤੋਂ ਹਜ਼ਾਰ ਕੋਸ ਪਰੇ ਹੈ ਕਿਉਂ ਜੋ ਤ੍ਰਿਯਾ ਚਰਿਤ੍ਰਾਂ ਵਤ ਇਹ ਭੀ "ਪਰਤ੍ਰਿਯ ਰਾਵਣ ਜਾਹਿ ਸੇਈ ਤਾ ਲਾਜੀਅਹਿ"ਗੁਰਵਾਕ ਆਸ਼ੇ ਤੋਂ ਵਿਰੁੱਧ ਪ੍ਰਚਾਰ ਕਰਨ ਵਾਲੀਆਂ ਹਨ ॥

ਯਾਂਤੇ

ਇਨ੍ਹਾਂ ੧੧ ਹਕਾਯਤਾਂ ਨੂੰ "ਜ਼ਫਰ ਨਾਮਹ" ਦਾ ਅੰਗ ਮੰਨਨਾਂ ਸਖਤ ਭੁੱਲ ਹੈ ਬਲਕਿ ਭੁੱਲ ਤੋਂ ਭੀ ਪਰੇ ਪੜਭੁੱਲ ਹੈ, ਇਸਤੋਂ ਬਿਨਾਂ ਤ੍ਰਿਯਾ ਚਰਿੱਤ੍ਰਾਂ ਵਤ ਇਨ੍ਹਾਂ ਦੇ ਪ੍ਰਚਾਰ ਦੀ ਭੀ ਉੱਕੀ ਹੀ ਲੋੜ ਨਹੀਂ ॥

ਅੰਤਕਾ

ਐ ਖਾਲਸਾ ਵੀਰੋ !

ਆਪ ਨੂੰ ਪਤਾ ਹੈ ਜੋ ਆਪ ਦੀ ਹਸਤੀ ਕੀ ਹੈ ? ਯਾਦ ਰਹੇ ! ਆਪ ਦੀ ਹਸਤੀ ਇਹੀ ਬੀਰ ਰਸ ਦੀ ਮੁਕਤੀ ਦਾਇਕ ਕੜਾਕੇ ਦਾਰ "ਦਸਮ ਗੁਰ ਗਿਰਾ" ਬਾਣੀ ਹੈ, ਜਿਸਦੇ ਸੁਣਨ ਮੰਨਨ ਤੇ ਅਭਿਆਸ ਤੇ ਬੁੱਧਿ ਦਾ ਪ੍ਰਕਾਸ਼ ਤੇ ਕੌਮੀ ਜੋਸ਼ ਦੀ ਬ੍ਰਿਧੀ ਹੈ। ਧਰਮ ਜੁੱਧ ਦੇ ਚਾਹਵਾਨ ਸ੍ਰੀ ਕਲਗੀਧਰ ਪਿਤਾ ਜੀ ਨੇ ਪੰਥ ਵਿਚ ਬੀਰ ਰਸ ਦੀ ਸ਼ਕਤੀ ਭਰਨ ਲਈ "ਨਾਮ ਰਸ" ਦੀ ਬਾਣੀ ਨੂੰ ਬੀਰ ਰਸ ਦੀ ਰੰਗਣ ਵਿਚ ਰੰਗਿਆ। ਪੁਨ: ੧੭੫੬ ਬਿੱਕ੍ਰਮੀ ਬੈਸਾਖੀ ਨੂੰ "ਖਾਲਸਾ ਪਾਰਲੀਮੈਂਟ" ਸਾਜਨ ਸਮਯ ਭੀ ਇਸੇ ਬੀਰ ਰਸ ਬਾਣੀ ਦੀ ਸ਼ਾਂਤ ਮਈ ਬਾਣੀ ਸੰਜੁਕਤ ਗੁੜਤੀ ਦਿੱਤੀ ॥

ਸੋ ਖਾਲਸਾ ਜੀ ! ਇਹੀ "ਦਸਮ ਗੁਰ ਗਿਰਾ" ਬਾਣੀ ਹੈ ਜਿਸਨੇ ਖਾਲਸਾ ਪੰਥ ਨੂੰ ਸੂਰਬੀਰ ਤੇ ਬਲਬੀਰ ਜੋਧਾ ਬਨਾਯਾ। ਜਿਸਦੇ ਅਸਰ ਨੇ ਧਾਰਮਕ ਸੁਤੰਤ੍ਰਤਾ ਤੇ ਖ਼ਾਲਸਾ ਕੌਮ ਨੂੰ ਇਕ ਜੰਜੀਰੇ ਪਰੋਕੇ "ਸਰਬ ਲੋਹ" ਕੀ ਰੱਛਾ ਬਖਸ਼ੀ, ਯਾਂਤੇ ਜਦ ਤਕ ਇਸ "ਦਸਮ ਗੁਰ ਗਿਰਾ" ਬਾਣੀ ਦਾ ਪ੍ਰਚਾਰ ਸਾਡੇ ਵਿਚ ਰਹੇਗਾ ਤਦ ਤਕ ਅਸੀ ਜ਼ਿੰਦਾ ਹਾਂ ਤੇ ਬ੍ਰਿੱਧੀ ਪਰ ਹਾਂ ॥

ਪਸ ਇਸੇ "ਦਸਮ ਗੁਰ ਗਿਰਾ" ਬਾਣੀ ਦੇ ਪ੍ਰਚਾਰ ਵਾਸਤੇ ਤੇ ਸਾਡੇ ਭੋਲੇ ਭ੍ਰਾਵਾਂ ਦੀ ਗਜਾਤ ਹਿਤ ਇਹ **ਦਸਮ ਗ੍ਰੰਥ ਨਿਰਣਯ** ਨਾਮੀ ਪੁਸਤਕ ਆਪਦੇ ਪੇਸ਼ ਕੀਤਾ ਜਾਂਦਾ ਹੈ ॥

ਯਾਂਤੇ

ਜਰੂਰੀ ਹੈ ! ਜੋ ਆਪ ਇਸਨੂੰ ਵਿਚਾਰਦੇ ਹੋਏ ਤੇ:–

"ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰ ਬਾਣੀ ॥"

ਪੁਨਃ

"ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ ॥ ਬਾਣੀ ਤ ਕੱਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਿੰਦੇ ਕੱਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥"

ਪੁਨਃ

"ਤਖਤ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥" ਆਦਿ ਗੁਰਵਾਕਾਂ ਨੂੰ ਹਿਰਦੇ ਵਿਚ ਵਸਾਂਦੇ ਹੋਏ ਇਸ "ਦਸਮ ਗ੍ਰੰਥ ਨਿਰਣਯ" ਅਨੁਸਾਰ ਸ੍ਰੀ ਦਸਮ ਗੁਰੂ ਜੀ ਦੀ ਬਾਣੀ ਦੇ ਪ੍ਰਚਾਰ ਵਾਸਤੇ "ਦਸਮ ਗ੍ਰੰਥ" ਵਿਚੋਂ ਖਾਲਸਾ ਧਰਮ ਨਿਯਮ ਪ੍ਰਗਟਾਊ "ਦਸਮ ਗੁਰ ਗਿਰਾ" ਨਾਮੇ ਬਾਣੀ ਨੂੰ ਅੱਡ ਸੰਗ੍ਰਹ ਕਰਕੇ "ਸਰਬੱਤ ਸਮੂਹ ਖਾਲਸਾ" ਜੀ ਵਿਚ ਬੀਰ ਰਸ ਤੇ ਨਾਮ ਰਸ ਦੀ ਮਿਲਵੀਂ ਮੌਜ ਲੈਣ ਲਈ ਇਸਦੇ ਪ੍ਰਚਾਰਦਾ ਪੂਰਣ ਯਤਨ ਕਰੋਗੇ॥

ਭਰੋਸਾ ਹੈ ! ਕਿ ਖਾਲਸਈ ਜੀਵਨ ਦਾ ਚਾਹਵਾਨ ਖਾਲਸਾ ਪੰਥ ਇਸ ਵਲ ਵਿਸ਼ੇਸ਼ ਧ੍ਯਾਨ ਦਿੰਦਾ ਹੋਯਾ ਨਿਹਾਲ ਕਰੇਗਾ ॥

ਲੇਖਕ ਖਾਲਸੇ ਦਾ ਸੇਵਕ–

ਰਣ ਸਿੰਘ ਅਕਾਲੀ

ਕਰਤਾ "ਦਸਮ ਗ੍ਰੰਥ ਨਿਰਣਯ"

ਮੀਤ ਸੇਵਕ ਸ੍ਰੀ ਗੁਰੂ ਸਿੰਘ ਸਭਾ ਭਸੌੜ

ਗਵਰਨਮੈਂਟ ਪਟਿਆਲਾ